ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/07 ਜੁਲਾਈ 2017 – ਨਾਨਕਸ਼ਾਹੀ ਹਾੜ-ਸਾਵਣ 549

## ਇਤਿਹਾਸਿਕ ਦਿਹਾੜੇ

### ਜੁਲਾਈ ਅਤੇ ਅਗਸਤ 2017

| | | |
|---|---|---|
| ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ | ੧੮ ਹਾੜ | 2 ਜੁਲਾਈ |
| ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੧੯ ਹਾੜ | 3 ਜੁਲਾਈ |
| ਸ਼ਹੀਦੀ ਭਾਈ ਮਨੀ ਸਿੰਘ ਜੀ | ੨੫ ਹਾੜ | 9 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ ਜੀ | ੧ ਸਾਵਣ | 16 ਜੁਲਾਈ |
| ਪ੍ਰਕਾਸ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ | ੩ ਸਾਵਣ | 1੮ ਜੁਲਾਈ |
| ਮੋਰਚਾ ਗੁਰੂ ਕਾ ਬਾਗ | ੨੪ ਸਾਵਣ | 8 ਅਗਸਤ |
| ਪਹਿਲਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ | ੭ ਭਾਦੋਂ | 22 ਅਗਸਤ |
| ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | ੮ ਭਾਦੋਂ | 23 ਅਗਸਤ |
| ਜੋਤੀ ਜੋਤ ਸ੍ਰੀ ਗੁਰੂ ਰਾਮਦਾਸ ਜੀ | ੯ ਭਾਦੋਂ | 24 ਅਗਸਤ |

www.gurmatparsar.com

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਸਾਵਣਿ ਸਰਸੀ ਕਾਮਣੀ ......॥ (ਜੀਵਨ - ਜੁਗਤਿ)

ਸਾਵਣਿ ਸਰਸੀ ਕਾਮਣੀ, ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣਹਾਰੁ ।
ਵਣੁ ਤਿਣੁ ਪ੍ਰਭ ਸੰਗਿ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ, ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ, ਹਉ ਤਿਨ ਕੈ ਸਦ ਬਲਿਹਾਰ ।
ਨਾਨਕ ਹਰਿ ਜੀ ਮਇਆ ਕਰਿ, ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ, ਜਿਨ ਰਾਮ ਨਾਮੁ ਉਰਿ ਹਾਰੁ ॥ ੬ ॥ (ਪੰਨਾ ੧੩੪)

ਪਦ ਅਰਥ :-ਸਾਵਣਿ-ਸਾਵਣ ਵਿਚ । ਸਰਸੀ -ਸ-ਰਸੀ, ਰਸ ਵਾਲੀ, ਹਰਿਆਵਲੀ । ਕਾਮਣੀ-ਜੀਵ-ਇਸਤ੍ਰੀ । ਸਚ ਰੰਗਿ-ਸੱਚੇ ਦੇ ਪਿਆਰ ਵਿਚ । ਆਧਾਰੁ-ਆਸਰਾ । ਬਿਖਿਆ ਰੰਗ-ਮਾਇਆ ਦੇ ਰੰਗ । ਦਿਸਨਿ-ਦਿੱਸਦੇ ਹਨ । ਛਾਰੁ-ਸੁਆਹ । ਸਾਧੂ-ਗੁਰੂ । ਪੀਵਣਹਾਰ-ਪੀਣ ਜੋਗਾ । ਤਿਣੁ-ਘਾਹ । ਮਉਲਿਆ-ਹਰਿਆ-ਭਰਿਆ । ਕਰਮਿ-ਮਿਹਰ ਨਾਲ । ਮਇਆ-ਦਇਆ । ਸਬਦਿ-ਸ਼ਬਦ ਦੀ ਰਾਹੀਂ । ਉਰਿ-ਹਿਰਦੇ ਵਿਚ ।

ਅਰਥ :- ਜਿਵੇਂ ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇਂ ਉਹ) ਜੀਵ-ਇਸਤ੍ਰੀ ਹਰਿਆਵਲੀ ਹੋ ਜਾਂਦੀ ਹੈ (ਭਾਵ, ਉਸ ਜੀਵ ਦਾ ਹਿਰਦਾ ਖਿੜ ਪੈਂਦਾ ਹੈ) ਜਿਸ ਦਾ ਪਿਆਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ । ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ, ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ ( ਨਿਕੰਮੇ) ਦਿਸਦੇ ਹਨ । (ਸਾਵਣ ਵਿਚ ਜਿਵੇਂ ਵਰਖਾ ਦੀ ਬੂੰਦ ਸੋਹਣੀ ਲੱਗਦੀ ਹੈ, ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਪੈਂਦਾ ਹੈ (ਪ੍ਰਭੂ ਦੀ ਵਡਿਆਈ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ, ਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ) ।

ਜਿਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ, ਉਸ ਨੂੰ ਮਿਲਣ ਵਾਸਤੇ ਮੇਰਾ ਮਨ ਭੀ ਤਾਂਘਦਾ ਹੈ, ਪਰ ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਣ ਦੇ ਸਮਰੱਥ ਹੈ । ਮੈਂ ਉਹਨਾਂ ਗੁਰਸੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿੰਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ।

ਹੇ ਨਾਨਕ ! (ਬੇਨਤੀ ਕਰ ਤੇ ਆਖ-) ਹੇ ਪ੍ਰਭੂ ! ਮੇਰੇ ਉੱਤੇ ਮਿਹਰ ਕਰ ਤੂੰ ਆਪ ਹੀ ਗੁਰੂ ਦੇ ਸ਼ਬਦ ਦੀ ਰਾਹੀਂ (ਮੇਰੀ ਜਿੰਦ ਨੂੰ) ਸਵਾਰਨ ਜੋਗਾ ਹੈਂ ।

ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ-ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਢ ਲਿਆਉਣ ਵਾਲਾ) ਹੈ ਜਿਨ੍ਹਾਂ ਨੇ ਆਪਣੇ ਹਿਰਦੇ (ਰੂਪ ਗਲ) ਵਿਚ ਪਰਮਾਤਮਾ ਦਾ ਨਾਮ (ਰੂਪ) ਹਾਰ ਪਾਇਆ ਹੋਇਆ ਹੈ । ੬ ।

# ਸ਼ਹੀਦ ਭਾਈ ਤਾਰੂ ਸਿੰਘ ਜੀ



ਸੰਨ 1745 ਵਿੱਚ ਪੰਜਾਬ ਦੇ ਗਵਰਨਰ ਜ਼ਕਰੀਆ ਖ਼ਾਨ ਦਾ ਬੋਲ-ਬਾਲਾ ਸੀ। ਇਹਦੇ ਅਤੇ ਇਸ ਤੋਂ ਪਹਿਲੇ ਮੁਸਲਮਾਨ ਹਾਕਮਾਂ ਦੇ ਜ਼ੁਲਮ ਤੋਂ ਤੰਗ ਆ ਕੇ ਅਨੇਕਾਂ ਸਿੰਘ ਘਰ ਘਾਟ ਛੱਡ ਜੰਗਲੀਂ ਜਾ ਵਸੇ ਸਨ। ਸੂਰਬੀਰ ਸਿੰਘ ਯੋਧੇ, ਸਰੀਰਾਂ ਤੇ, ਗਰਮੀ ਸਰਦੀ ਅਤੇ ਭੁੱਖਾਂ ਦੇ ਕਸ਼ਟ ਝੱਲਦੇ ਹੋਏ ਵੀ ਲੋਕਾਂ ਨੂੰ ਇਸ ਜ਼ਾਲਮ ਹਕੂਮਤ ਤੋਂ ਛੁਟਕਾਰਾ ਦੁਆਣ ਲਈ ਸਿਰ ਧੜ ਦੀ ਬਾਜ਼ੀ ਲਾ ਰਹੇ ਸਨ।

ਕੁਝ ਕੁ ਸਿੱਖ ਪਰਵਾਰ ਹਾਲਾਂ ਵੀ ਕਿਸੇ ਨਾ ਕਿਸੇ ਤਰ੍ਹਾਂ ਕਿਤੇ ਕਿਤੇ ਪਿੰਡਾਂ ਵਿੱਚ ਖੇਤੀਬਾੜੀ ਕਰਦੇ ਹੋਏ ਆਪਣੇ ਗੁਆਂਢੀ ਸਾਊ ਮੁਸਲਮਾਨਾਂ ਦੇ ਸਹਿਯੋਗ ਨਾਲ ਜੀਵਨ ਬਿਤਾ ਰਹੇ ਸਨ। ਐਸੇ ਹੀ ਸਿੰਘਾਂ ਵਿਚੋਂ ਸਨ ਭਾਈ ਤਾਰੂ ਸਿੰਘ ਜੀ। ਇਹ ਪਿੰਡ ਪੂਹਲਾ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਛੋਟੇ ਹੁੰਦਿਆਂ ਹੀ ਇਹਨਾਂ ਦੇ ਪਿਤਾ ਜੀ ਚਲਾਣਾ ਕਰ ਗਏ। ਇਹਨਾਂ ਦੀ ਮਾਤਾ ਨੇ ਇਹਨਾਂ ਨੂੰ ਬਚਪਨ ਤੋਂ ਹੀ ਗੁਰਬਾਣੀ ਤੇ ਗੁਰ-ਇਤਿਹਾਸ ਦੀ ਅਜਿਹੀ ਗੁੜ੍ਹਤੀ ਦਿੱਤੀ ਕਿ ਭਾਈ ਤਾਰੂ ਸਿੰਘ ਜੀ ਦੇ ਲੂੰ ਲੂੰ ਵਿੱਚ ਸਿੱਖੀ ਪ੍ਰਤੀ ਅਟੁੱਟ ਸ਼ਰਧਾ ਤੇ ਗੁਰਸਿੱਖਾਂ ਪ੍ਰਤੀ ਨਿੱਘਾ ਪਿਆਰ ਟਪਕਣ ਲੱਗਾ।

ਭਾਈ ਤਾਰੂ ਸਿੰਘ ਜੀ ਜੁਆਨ ਹੋਏ ਤੇ ਖੇਤੀਬਾੜੀ ਦਾ ਕੰਮ ਚੰਗੀ ਤਰ੍ਹਾਂ ਸੰਭਾਲਣ ਲੱਗੇ। ਐਸੇ ਪਰਉਪਕਾਰੀ ਜੀਊੜੇ ਸਨ ਭਾਈ ਜੀ ਕਿ ਉਹਨਾਂ ਦੇ ਪਿੰਡ ਦੇ ਹੀ ਨਹੀਂ, ਸਗੋਂ ਆਲੇ ਦੁਆਲੇ ਪਿੰਡਾਂ ਦੇ ਹਿੰਦੂ ਮੁਸਲਮਾਨ ਵੀ ਆਪ ਦੀਆਂ ਸਿਫਤਾਂ ਕਰਦੇ ਨਾ ਥੱਕਦੇ।

ਭਾਈ ਜੀ ਨੇ ਆਪਣੀ ਕਿਰਤ ਕਮਾਈ ਚੋਂ ਲੰਗਰ ਜਾਰੀ ਕੀਤਾ ਹੋਇਆ ਸੀ, ਜਿਥੇ ਵੇਲੇ ਕੁਵੇਲੇ ਆਉਂਦੇ ਜਾਂਦੇ ਸਿੱਖ ਸੂਰਬੀਰਾਂ ਤੋਂ ਛੁਟ ਹਿੰਦੂ ਮੁਸਲਮਾਨ ਵੀ ਪ੍ਰਸ਼ਾਦ ਛਕਦੇ ਤੇ ਤ੍ਰਿਪਤ ਹੁੰਦੇ। ਭਾਈ ਜੀ, ਬਾਬਾ ਬੁੱਢਾ ਜੀ ਦੀ ਬੀੜ ਦੇ ਲਾਗੇ ਦੇ ਜੰਗਲ ਵਿਚ ਵਸਦੇ ਸਿੰਘਾਂ ਨੂੰ ਵੀ ਤਿਆਰ ਲੰਗਰ ਜਾਂ ਕੱਚੀ ਰਸਦ ਪਹੁੰਚਾਉਂਦੇ ਰਹਿੰਦੇ ਤੇ ਕਸ਼ਟ ਝੱਲ ਰਹੇ ਵੀਰਾਂ ਦੀ ਯਥਾ ਸ਼ਕਤ ਸਹਾਇਤਾ ਕਰ ਕੇ ਸੰਤੁਸ਼ਟ ਹੁੰਦੇ।

ਭਾਈ ਜੀ ਦੇ ਜੀਵਨ ਘੋਲ ਵਿੱਚ ਇਕ ਨਵਾਂ ਮੋੜ ਆਇਆ। ਵਕਤ ਦੀ ਜ਼ਾਲਮ ਹਕੂਮਤ ਦੇ ਇਕ ਮੁਖਬਰ ਤੇ ਸਿੰਘਾਂ ਦੇ ਉੱਘੇ ਵੈਰੀ ਹਰਭਗਤ ਨਿਰੰਜਨੀਏ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਪਾਸ ਭਾਈ ਤਾਰੂ ਸਿੰਘ ਵਿਰੁਧ ਚੁਗਲੀ ਖਾਧੀ।

ਉਸ ਨੇ ਅਖਿਆ, 'ਖਾਨ ਸਾਹਿਬ ! ਪੂਹਲੇ ਪਿੰਡ ਵਿੱਚ ਵਸਦਾ ਤਾਰੂ ਸਿੰਘ ਨਾਮ ਦਾ ਇੱਕ ਸਿੱਖ ਆਪਣੇ ਘਰ ਡਾਕੂਆਂ ਨੂੰ ਸ਼ਰਨ ਦਿੰਦਾ ਹੈ, ਜਿਸ ਕਰਕੇ ਪਿੰਡ ਦੇ ਲੋਕਾਂ ਨੂੰ ਖਤਰਾ ਹੈ। ਪਿੰਡ ਦੇ ਲੋਕਾਂ ਦੀ ਇੱਜ਼ਤ ਵੀ ਡਾਕੂਆਂ ਦੇ ਆਉਣ ਕਾਰਨ ਸੁਰੱਖਿਅਤ ਨਹੀਂ ਰਹੀ। ਇਹ ਤਾਰੂ ਸਿੰਘ ਹਕੂਮਤ ਦੇ ਬਾਗੀ ਸਿੰਘਾਂ ਵੱਲੋਂ ਮੁਖਬਰੀ ਵੀ ਕਰਦਾ ਹੈ ਤੇ ਬਾਗੀਆਂ ਦੀ ਮਦਦ ਵੀ।' ਹੋਰ ਵੀ ਕਈ ਕਹਾਣੀਆਂ ਘੜ ਕੇ ਨਿਰੰਜਨੀਏ ਨੇ ਜ਼ਕਰੀਆ ਖ਼ਾਨ ਦੇ ਕੰਨ ਭਾਈ ਜੀ ਵਿਰੁੱਧ ਭਰੇ।

ਹਕੂਮਤ ਤਾਂ ਪਿੰਡਾਂ ਵਿੱਚ ਵਸਦੇ ਟਾਂਵੇ ਟਾਂਵੇ ਸਿੰਘਾਂ ਤੋਂ ਇਹੀ ਆਸ ਰਖਦੀ ਸੀ ਕਿ ਇਹ ਹਕੂਮਤ ਦੇ ਪੂਰੀ ਤਰ੍ਹਾਂ ਗੁਲਾਮ ਰਹਿਣ ਤੇ ਜੰਗਲੀ ਵਸਦੇ ਸਿੱਖ ਸੂਰਬੀਰਾਂ ਵਿਰੁੱਧ ਹਕੂਮਤ ਦੀ ਮਦਦ ਕਰਨ। ਪਰ ਇਹ ਪੇਂਡੂ ਸਿੰਘ ਕੇਵਲ ਆਪਣੀ ਸੁੱਖ ਸ਼ਾਂਤੀ ਲਈ ਹੀ ਨਹੀਂ ਸਨ ਪਿੰਡਾਂ ਵਿੱਚ ਟਿਕੇ ਹੋਏ, ਸਗੋਂ ਆਪਣੇ ਸਿਰਲੱਖ ਵੀਰਾਂ ਨੂੰ ਆਜ਼ਾਦੀ ਦਾ ਘੋਲ ਜਾਰੀ ਰੱਖਣ ਵਿੱਚ ਸਹਾਈ ਹੋਣ ਲਈ ਟਿਕੇ ਹੋਏ ਸਨ। ਇਹ ਪੇਂਡੂ ਸਿੰਘ ਵੇਲੇ ਕੁਵੇਲੇ ਬਹਾਦਰ ਸਿੰਘਾਂ ਨੂੰ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਵੀ ਕਰਦੇ, ਵੇਲੇ ਕੁਵੇਲੇ ਬਹਾਦਰ ਸਿੰਘਾਂ ਨੂੰ ਸ਼ਰਨ ਵੀ ਦਿੰਦੇ ਤੇ ਹੋਰ ਦਾਣੇ ਪੱਠੇ ਨਾਲ ਮਦਦ ਵੀ ਕਰਦੇ ਸਨ।

ਗਵਰਨਰ ਜ਼ਕਰੀਆ ਖ਼ਾਨ ਨੇ ਹਰਭਗਤ ਨਿਰੰਜਨੀਏ ਦੀ ਸ਼ਿਕਾਇਤ ਦੀ ਸਚਾਈ ਨੂੰ ਘੋਖੇ ਬਿਨਾਂ ਹੀ ਭਾਈ ਤਾਰੂ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ।

ਹਰਭਗਤ ਨਿਰੰਜਨੀਆ ਲਾਹੌਰ ਤੋਂ 20 ਪੈਦਲ ਪੁਲਸੀਏ ਲੈ ਕੇ ਪੂਹਲੇ ਪਿੰਡ ਪੁੱਜਾ ਤੇ ਭਾਈ ਤਾਰੂ ਸਿੰਘ ਨੂੰ ਫੜਵਾ ਦਿੱਤਾ। ਸਿਪਾਹੀ ਭਾਈ ਜੀ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਨੂੰ ਲੈ ਤੁਰੇ ਤਾਂ ਪਿੰਡ ਦੇ ਲੋਕਾਂ ਨੇ ਬਥੇਰਾ ਕਿਹਾ ਕਿ ਭਾਈ ਜੀ ਤਾਂ ਬਹੁਤ ਨੇਕ ਇਨਸਾਨ ਹਨ ਤੇ ਬਹੁਤ ਤਰਲੇ ਕੀਤੇ ਇਹਨਾਂ ਨੂੰ ਛੁਡਾਉਣ ਲਈ ਪਰ ਕਿਸੇ ਨੇ ਉਹਨਾਂ ਦੇ ਕਹੇ ਨੂੰ ਨਾ ਸੁਣਿਆ। ਰਸਤੇ ਵਿੱਚ ਪਿੰਡ ਭੜਾਣੇ ਦੇ ਸਿੱਖਾਂ ਨੇ ਭਾਈ ਜੀ ਨੂੰ ਪੁਲਸੀਆਂ ਦੇ ਹੱਥੋਂ ਤਾਕਤ ਵਰਤ ਕੇ ਛੁਡਾਉਣ ਦਾ ਫੈਸਲਾ ਵੀ ਕਰ ਲਿਆ, ਪਰ ਭਾਈ ਜੀ ਨੇ ਉਹਨਾਂ ਨੂੰ ਐਸਾ ਕਰਨੋਂ ਰੋਕ ਦਿੱਤਾ। ਲਾਹੌਰ ਪੁੱਜ ਕੇ ਭਾਈ ਤਾਰੂ ਸਿੰਘ ਜੀ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਤੇ ਕਈ ਤਸੀਹੇ ਦਿੱਤੇ ਗਏ। ਜ਼ਾਲਮ ਹਕੂਮਤ ਦੇ ਕਰਿੰਦਿਆਂ ਵੱਲੋਂ ਜਿਉਂ ਜਿਉਂ ਭਾਈ ਤਾਰੂ ਸਿੰਘ ਜੀ ਨੂੰ ਸਤਾਇਆ ਗਿਆ, ਤਿਉਂ ਤਿਉਂ ਉਹਨਾਂ ਦੇ ਚਿਹਰੇ ਤੇ ਲਾਲੀ ਵਧਦੀ ਗਈ ਤੇ ਸਿੱਖੀ ਪ੍ਰਤੀ ਨਿਸ਼ਚਾ ਦ੍ਰਿੜ੍ਹ ਹੁੰਦਾ ਗਿਆ।

ਆਖਰ ਇੱਕ ਦਿਨ ਭਾਈ ਜੀ ਨੂੰ ਜ਼ਕਰਿਆ ਖ਼ਾਨ ਸਾਹਮਣੇ ਪੇਸ਼ ਕੀਤਾ ਗਿਆ। ਭਾਈ ਤਾਰੂ ਸਿੰਘ ਨੇ ਆਪਣੀ ਗ੍ਰਿਫਤਾਰੀ ਦਾ ਕਾਰਨ ਪੁੱਛਿਆ ਤੇ ਕਿਹਾ, "ਹੇ ਨਵਾਬ ! ਦੱਸ ਮੈਂ ਤੇਰਾ ਕੀ ਵਿਗਾੜਿਆ ਹੈ, ਜਿਸ ਕਾਰਨ ਤੂੰ ਮੈਨੂੰ ਐਸੇ ਤਸੀਹੇ ਦੇ ਰਿਹਾ ਹੈ ? ਮੈਂ ਤਾਂ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਦਾ ਹਾਂ। ਖੇਤੀਬਾੜੀ ਕਰਦਾ ਹਾਂ, ਤੇ ਸਰਕਾਰ ਦਾ ਮਾਲੀਆ-ਟੈਕਸ ਵੀ ਦਿੰਦਾ ਹਾਂ। ਅੰਨ ਦਾਣਾ ਉਗਾ ਕੇ ਆਪਣਾ ਪੇਟ ਭੁੱਖਾ ਰੱਖ ਕੇ ਵੀ ਲੋੜਵੰਦਾਂ ਦਾ ਪੇਟ ਭਰਦਾ ਹਾਂ। ਮੈਨੂੰ ਦੱਸ ਕਿ ਮੇਰੀ ਇਸ ਲੋੜਵੰਦਾਂ ਪ੍ਰਤੀ ਹਮਦਰਦੀ ਤੋਂ ਹਕੂਮਤ ਕਿਉਂ ਦੁਖੀ ਹੁੰਦੀ ਹੈ ?"

ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਹੋਰ ਤਾਂ ਕੋਈ ਉੱਤਰ ਅਹੁੜਿਆ ਨਾਂਹ, ਪਰ ਕਹਿਣ ਲੱਗਾ, "ਤਾਰੂ ਸਿੰਘ ! ਤੇਰੀ ਜਾਨ ਕੇਵਲ ਤਾਂ ਹੀ ਬਖਸ਼ੀ ਜਾ ਸਕਦੀ ਹੈ, ਜੇ ਤੂੰ ਮੁਸਲਮਾਨ ਬਣਨਾ ਮੰਨ ਲਵੇਂ, ਤੇ ਸਿੱਖੀ ਨੂੰ ਤਿਆਗ ਦੇਵੇਂ।"

ਭਾਈ ਜੀ ਨੇ ਉੱਤਰ ਦਿੱਤਾ, "ਕੀ ਮੁਸਲਮਾਨ ਬਣਨ ਨਾਲ ਮੈਨੂੰ ਮੌਤ ਨਹੀਂ ਆਉਣੀ ? ਕੀ ਮੁਸਲਮਾਨ ਮਰਦੇ ਨਹੀਂ ? ਜੇ ਮੌਤ ਨੇ ਫੇਰ ਵੀ ਆ ਹੀ ਜਾਣਾ ਹੈ ਤਾਂ ਮੈਂ ਆਪਣੇ ਗੁਰੂ ਤੋਂ ਕਿਉਂ ਬੇਮੁਖ ਹੋਵਾਂ ? ਮੈਨੂੰ ਤਾਂ ਸਿੱਖੀ ਆਪਣੀ ਜਾਨ ਤੋਂ ਵੱਧ ਪਿਆਰੀ ਹੈ।"

ਜ਼ਕਰੀਆ ਖ਼ਾਨ ਕਹਿਣ ਲੱਗਾ, "ਵੇਖਦਾ ਹਾਂ, ਤੂੰ ਸਿੱਖੀ ਕਿਵੇਂ ਕਾਇਮ ਰਖਦਾ ਹੈ ?" ਇਹ ਆਖ ਕੇ ਖ਼ਾਨ ਨੇ ਮੋਚੀ ਨੂੰ ਬੁਲਵਾਇਆ ਤੇ ਉਹਨੂੰ ਹੁਕਮ ਕੀਤਾ ਕਿ ਭਾਈ ਜੀ ਦੀ ਖੋਪਰੀ, ਸਮੇਤ ਕੇਸਾਂ ਦੇ ਸਿਰ ਤੋਂ ਅਲੱਗ ਕਰ ਦਿੱਤੀ ਜਾਵੇ।

ਭਾਈ ਤਾਰੂ ਸਿੰਘ ਨੇ ਇਸ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਤੇ ਹਜ਼ਾਰਾਂ ਲੋਕਾਂ ਦੇ ਵੇਖਦਿਆਂ ਵੇਖਦਿਆਂ ਮੋਚੀ ਨੇ ਤੇਜ਼ ਰੰਬੀ ਨਾਲ ਭਾਈ ਤਾਰੂ ਸਿੰਘ ਦੀ ਖੋਪਰੀ ਕੇਸਾਂ ਸਣੇ ਸਿਰ ਤੋਂ ਲਾਹ ਦਿੱਤੀ ਤੇ ਲਾਹ ਕੇ ਭਾਈ ਜੀ ਦੇ ਸਾਹਮਣੇ ਰੱਖ ਦਿੱਤੀ। ਇਤਨਾ ਕਸ਼ਟ ਸਹਾਰ ਕੇ ਵੀ ਭਾਈ ਜੀ ਨੇ ਅਕਾਲ ਪੁਰਖ ਦਾ ਸ਼ੁਕਰ ਕੀਤਾ।

ਇਧਰ ਭਾਈ ਜੀ ਦੇ ਸਿਰ ਚੋਂ ਖ਼ੂਨ ਸਿੰਮਦਾ ਰਿਹਾ ਤੇ ਉਧਰ ਜ਼ਕਰੀਆ ਖ਼ਾਨ ਦਾ ਪਿਸ਼ਾਬ ਬੰਦ ਹੋ ਗਿਆ। ਹਕੀਮਾਂ ਵੈਦਾਂ ਦੇ ਸਾਰੇ ਯਤਨ ਵਿਅਰਥ ਹੋ ਗਏ ਤੇ ਜ਼ਕਰੀਆ ਖ਼ਾਨ ਨੇ ਭਾਈ ਸੁਬੇਗ ਸਿੰਘ

ਰਾਹੀਂ ਖਾਲਸਾ ਪੰਥ ਤੋਂ ਮਾਫੀ ਮੰਗ ਭੇਜੀ। ਅਗੋਂ ਸਿੰਘਾਂ ਨੇ ਭਾਈ ਤਾਰੂ ਸਿੰਘ ਦੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਉੱਪਰ ਮਾਰਨਾ ਉਹਦੀ ਬੀਮਾਰੀ ਦਾ ਇਲਾਜ ਸੁਝਾਇਆ।

ਫਸੀ ਦਾ ਫਟਕਣ ਕੀ। ਭਾਈ ਜੀ ਦੀ ਜੁੱਤੀ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਆਪਣੇ ਸਿਰ ਮਰਵਾਈ ਤੇ ਉਹਦਾ ਦੁਖ ਦੂਰ ਹੋਇਆ ਤੇ ਥੋੜੇ ਸਮੇਂ ਮਗਰੋਂ ਹੀ ਉਹ ਇਸ ਸੰਸਾਰ ਨੂੰ ਛੱਡ ਕੇ ਮੌਤ ਦੇ ਮੂੰਹ ਜਾ ਪਿਆ।

ਇਧਰ ਨਵਾਬ ਦੀ ਮੌਤ ਦੀ ਖਬਰ ਭਾਈ ਜੀ ਨੂੰ ਮਿਲੀ ਤੇ ਉਧਰ ਭਾਈ ਜੀ ਵੀ ਸਿੱਖੀ ਤੇ ਪਹਿਰਾ ਦੇਂਦੇ ਹੋਏ ਅਕਾਲ-ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਸਿੱਖਾਂ ਲਈ ਇੱਕ ਚਾਨਣ ਮੁਨਾਰਾ ਹੈ। ਕੇਵਲ ਉਹੀ ਸਿੱਖ ਭਾਈ ਜੀ ਦੀ ਸ਼ਹਾਦਤ ਤੇ ਮਾਣ ਕਰ ਸਕਦਾ ਹੈ, ਜਿਹੜਾ ਆਪਣੇ ਗੁਰੂ ਸਾਹਿਬ ਦੀ ਮੋਹਰ ਰੂਪੀ ਦਾੜ੍ਹੀ ਕੇਸਾਂ (ਭਾਵ ਰੋਮਾਂ) ਦੀ ਬੇ-ਅਦਬੀ ਨਹੀਂ ਕਰਦਾ (ਭਾਵ ਕੱਟਦਾ ਨਹੀਂ)। ਕੇਸ ਸਿੱਖ ਸਮਾਜ ਅਰਥਾਤ ਸਿੱਖ ਪੰਥ ਦੀ ਏਕਤਾ ਦੇ ਪਹਿਰੇਦਾਰ ਹਨ। ਇਹ ਸਿੱਖਾਂ ਵਿੱਚ ਸਾਂਝੀਵਾਲਤਾ ਦੇ ਚਿੰਨ੍ਹ ਹਨ। ਕੇਸ ਸਿੱਖ ਦੀ ਸਿੱਖੀ ਪ੍ਰਤੀ ਦ੍ਰਿੜ੍ਹਤਾ ਦਾ ਮਾਪ-ਕੰਡ ਹਨ। ਕੇਸ ਸਿੱਖ ਨੂੰ ਨੀਚ ਕੰਮ ਕਰਨ ਤੋਂ ਰੋਕਦੇ ਹਨ ਤੇ ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਦਸਮੇਸ਼ ਪਿਤਾ ਦਾ ਹੁਕਮ ਹੈ :

- ਬਿਨਾਂ ਤੇਗ ਕੇਸੰ ਨ ਦੇਵੋ ਦੀਦਾਰੇ।
- ਬਿਨ ਸ਼ਸ਼ਤਰ ਕੇਸੰ ਨਰ ਭੇਡੰ ਜਾਨੋ।

ਕੇਸ, ਸਿੰਘ ਦੇ ਸ਼ੇਰ ਤੇ ਸੂਰਬੀਰ ਹੋਣ ਦਾ ਰਾਜ਼ ਹਨ।

**ਧੰਨਵਾਦਿ ਸਾਹਿਤ ਵਿਚੋਂ :-**
**ਸਿੱਖ ਮਿਸ਼ਨਰੀ ਕਾਲਜ (ਰਜਿ.)**

## ਜਪੀ, ਤਪੀ, ਹਠੀ

ਦਰਸ਼ਨ ਰੂਪ ਅਭਿਆਸ

ਇੱਕ ਜਪ, ਤਪ, ਹਠ ਕੇਵਲ ਬਾਹਰੀ ਕਰਮ ਹਨ- ਭੇਖ ਕਰਮ, ਪਾਖੰਡ ਕਰਮ-ਜਿਨ੍ਹਾਂ ਦਾ ਅਧਿਆਤਮਕ ਜੀਵਨ ਨਾਲ ਕੋਈ ਸੰਬੰਧ ਨਹੀਂ। ਐਸੇ ਫੋਕਟ ਕਰਮ ਨ ਭਗਤੀ ਦੇ ਸੂਚਕ ਹਨ, ਨਾ ਪਰਮਾਤਮਾ ਨਾਲ ਮਿਲਾਪ ਦੇ ਸਾਧਨ। ਇਹ ਤਾਂ ਅਧਿਆਤਮਕ ਰੋਗ ਹਨ, ਨਿਰਾ ਕਾਲ ਦਾ ਚੋਗਾ। ਐਸੇ ਕਰਮ ਗੁਰਮਤਿ ਵਿੱਚ ਨਿੰਦਿਤ ਹਨ।

ਇੱਕ ਜਪ, ਤਪ, ਹਠ ਐਸੇ ਵੀ ਹਨ, ਜਿਨ੍ਹਾਂ ਦਾ ਮਨੋਰਥ ਰਿੱਧੀ ਸਿੱਧੀਆਂ ਆਦਿ ਸ਼ਕਤੀਆਂ ਪ੍ਰਾਪਤ ਕਰਨਾ ਹੈ। ਸਤਿਗੁਰਾਂ ਦੀ ਨਜ਼ਰ ਵਿੱਚ ਇਹ ਵੀ ਓਪਰੇ ਯਤਨ, ਪਰਾਏ ਸੁਆਦ ਹਨ। ਅਧਿਆਤਮਕ ਜੀਵਨ ਨਾਲ ਇਹਨਾਂ ਦੀ ਵੀ ਕੋਈ ਸਾਂਝ ਨਹੀਂ। ਇਹ ਵੀ ਪਰਮਾਤਮਾ ਦੇ ਮਿਲਾਪ ਦੇ ਸਾਧਨ ਨਹੀਂ, ਔਝੜ ਭਰਮ ਹਨ। ਗੁਰਮਤਿ ਅਨੁਸਾਰ ਤਾਂ ਗੁਰ-ਸ਼ਬਦ ਦੀ ਕਮਾਈ ਬਾਝੋਂ ਸਾਰੇ ਹੀ ਕਰਮ ਫੋਕਟ ਹਨ। ਸਿੱਖੀ ਵਿੱਚ ਤਾਂ ਓਹੋ ਜਪ ਤਪ ਪਰਵਾਨ ਹਨ, ਜਿਨ੍ਹਾਂ ਦਾ ਉਦੇਸ਼ ਮਾਲਕ ਦੀ ਮੁਹੱਬਤ ਵਿੱਚ ਜੁੜੇ ਰਹਿਣਾ ਹੈ। ਇਹ ਰਹੱਸ ਕੋਈ ਗੁਰਮੁਖ ਹੀ ਪਛਾਣਦਾ ਹੈ। ਉਹੀ ਜਾਣਦਾ ਹੈ ਕਿ ਅਸਲ ਜਪ ਤਪ ਭਾਣਾ ਮੰਨਣਾ ਹੀ ਹੈ। ਇਸੇ ਵਿੱਚ ਅਧਿਆਤਮਕ ਵਡਿਆਈ ਹੈ; ਇਸੇ ਨਾਲ ਇਸ਼ਟ

ਦੀ ਪ੍ਰਾਪਤੀ । ਨਾਮ-ਰਸੀਏ ਸਾਧਕ ਹੀ ਸਤਿਗੁਰੂ ਦੇ ਭਾਣੇ ਵਿੱਚ ਰਹਿ ਕੇ ਖਸਮ ਨੂੰ ਪਰਵਾਨ ਹੋਂਦੇ ਹਨ । ਇਹਨਾਂ ਦੇ ਹੀ ਜਪ-ਤਪ, ਇਹਨਾਂ ਦੀ ਹੀ ਸੇਵਾ-ਚਾਕਰੀ ਖਸਮ ਨੂੰ ਭਾਉਂਦੀ ਹੈ । ਐਸੇ ਜਪੀਆਂ-ਤਪੀਆਂ-ਹਠੀਆਂ ਨੂੰ ਹੀ ਨਿੱਤ ਅਰਦਾਸ ਵਿੱਚ ਅਨੰਤ ਸ਼ਰਧਾ ਨਾਲ ਯਾਦ ਕੀਤਾ ਜਾਂਦਾ ਹੈ ।

## ਜਪੀ

ਜਪੀ ਉਹ ਹੈ ਜੋ ਜਪ ਕਰਦਾ ਹੈ, ਤੇ ਜਪ ਤੋਂ ਮੁਰਾਦ ਹੈ ਕਿਸੇ ਪਾਠ ਨੂੰ ਬਾਰ ਬਾਰ ਧੀਰੇ ਧੀਰੇ ਉਚਾਰਨਾ ।

ਇੱਕ ਜਪ ਮੰਤ੍ਰ-ਸਿੱਧੀ ਦਾ ਜਾਪ ਹੈ । ਪੁਰਾਤਨ ਸ਼ਾਸਤ੍ਰਾਂ ਵਿੱਚ ਅਨੇਕ ਤਰ੍ਹਾਂ ਦੇ ਜਪ ਮਨੋਕਾਮਨਾਵਾਂ ਦੀ ਪੂਰਤੀ ਲਈ ਸੁਝਾਏ ਗਏ ਹਨ । ਇਹਨਾਂ ਮੁਤਾਬਕ ਮੰਤ੍ਰਾਂ ਦੇ ਜਾਪ ਦੀ ਗਿਣਤੀ ਵੱਖੋ ਵੱਖ, ਸਾਮਗ੍ਰੀ ਵੱਖੋ ਵੱਖ ਤੇ ਫਲ ਵੀ ਵੱਖੋ ਵੱਖ ਹਨ । ਐਸੇ ਮੰਤ੍ਰ-ਜਾਪ ਗੁਰਮਤਿ ਵਿੱਚ ਅਪਰਵਾਨ ਹਨ ।

ਗੁਰਮਤਿ ਵਿੱਚ ਜਪ ਦਾ ਉਦੇਸ਼ ਕੇਵਲ ਮਾਲਕ ਦੀ ਖ਼ੁਸ਼ੀ ਹਾਸਲ ਕਰਨਾ ਹੈ। ਇਸ ਮਾਰਗ ਵਿੱਚ ਇੱਕ ਵਾਹਿਗੁਰੂ ਦੇ ਨਾਮ, ਸਤਿਨਾਮ, ਦੇ ਜਾਪ ਦਾ ਹੀ ਆਦੇਸ਼ ਹੈ । ਵਾਹਿਗੁਰੂ ਦੇ ਨਾਮ ਤੋਂ ਸਿਵਾ ਹੋਰ ਕਿਸੇ ਜਪ ਨੂੰ ਗੁਰਮਤਿ ਵਿੱਚ ਕੋਈ ਥਾਂ ਨਹੀਂ ।

ਭਾਵੇਂ ਜਪਣ ਤੋਂ ਭਾਵ, ਆਮ ਤੌਰ ਤੇ, ਜਿਹਵਾ ਨਾਲ ਬਾਰ ਬਾਰ ਆਖਣਾ ਹੀ ਮੰਨਿਆ ਗਿਆ ਹੈ, ਪਰ ਅਸਲ ਸਿਮਰਨ (ਜੋ ਸਤਿਗੁਰੂ ਦੀ ਸੇਵਾ ਤੋਂ ਪ੍ਰਾਪਤ ਹੁੰਦਾ ਹੈ) ਅਨੁਭਵ ਦਾ ਜਾਪ ਹੈ, ਮਨ-ਵਸਣ ਦਾ ਜਾਪ ਹੈ । ਸਤਿਗੁਰੂ ਦੀ ਬਖ਼ਸ਼ਿਸ਼ ਨਾਲ ਜਦੋਂ ਅਨੁਭਵ ਜਾਗਦਾ ਹੈ ਤਾਂ ਰਸਨਾ ਆਪਣੇ ਆਪ 'ਤੁਹੀ ਤੁਹੀ' ਪੁਕਾਰਦੀ ਫਿਰਦੀ ਹੈ । ਐਸਾ ਜਾਪ ਤਾਂ ਕੋਈ ਇੱਕ-ਮਨ, ਇੱਕ-ਚਿੱਤ ਹੋਈ ਆਤਮਾ ਹੀ ਕਰ ਸਕਦੀ ਹੈ । ਇੱਕ ਛਿਨ ਵੀ ਜੇਕਰ ਕੋਈ ਐਸਾ ਜਾਪ ਕਰ ਸਕੇ ਤਾਂ ਕਾਲ-ਫਾਸ ਤੋਂ ਮੁਕਤ ਹੋ ਜਾਂਦਾ ਹੈ । ਐਸੇ ਜਾਪ ਦੀ ਵਿਧੀ ਤੇ ਫਲ ਦਸਮ ਪਾਤਸ਼ਾਹ ਨੇ ਇਉਂ ਸਮਝਦੇ ਹਨ:

**ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੈ ।**

**ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂ ਬਯਾਪੈ ।੩।੨।**

**-ਹਜਾਰੇ ਪਾ ੧੦ ਰਾਮਕਲੀ**

ਸਤਿਗੁਰਾਂ ਦੀ ਆਗਿਆ ਅਨੁਸਾਰ ਇੱਕ-ਮਨ, ਇੱਕ-ਚਿੱਤ ਹੋ ਜਿਸ ਨੇ ਵੀ ਐਸਾ ਨਾਮ ਜਪਿਆ, ਜਮਰਾਜ ਨੇ ਉਸ ਦੀ ਗ਼ੁਲਾਮੀ ਕਬੂਲ ਕਰ ਲਈ ।

'ਜਾਪ' ਦਾ ਭਾਸ਼ਾਈ ਸੰਬੰਧ 'ਜਾਪਣ' ਨਾਲ ਵੀ ਪ੍ਰਤੀਤ ਹੁੰਦਾ ਹੈ । ਜਿਵੇਂ ਕਿਸੇ ਮਾਂ ਦਾ ਪੁੱਤਰ ਸਫ਼ਰ ਤੇ ਟੁਰ ਗਿਆ ਹੋਵੇ, ਤਾਂ ਘੜੀ ਮੁੜੀ ਉਸ ਨੂੰ ਇਉਂ 'ਜਾਪਦਾ' ਹੈ ਜਿਵੇਂ ਉਹ ਉਥੇ, ਉਸ ਦੇ ਆਸ ਪਾਸ ਹੀ ਕਿਤੇ ਮੌਜੂਦ ਹੈ । ਵਾਹਿਗੁਰੂ ਨੂੰ ਵੀ ਜਦ ਇਸ ਤਰ੍ਹਾਂ ਸਮਾਲੀਏ ਕਿ ਉਸ ਨੂੰ ਸਦਾ ਆਪਣੇ ਆਸ ਪਾਸ, ਅੰਗ ਸੰਗ, ਪ੍ਰਤੀਤ ਕਰੀਏ; ਉਹ ਸਾਨੂੰ ਹਰਥੇ ਪਾਸ ਖੜੋਤਾ ਜਾਪੇ, ਤਾਂ ਹੀ ਅਸਲ ਜਾਪ, ਮਨ ਦਾ ਜਾਪ ਹੁੰਦਾ ਹੈ । ਦੂਜੇ ਸ਼ਬਦਾਂ ਵਿੱਚ, ਵਾਹਿਗੁਰੂ ਦੀ ਹਾਜ਼ਰ-ਨਾਜ਼ਰਤਾ ਦਾ ਅਭਿਆਸ ਹੀ ਅਸਲ ਜਾਪ ਹੈ । ਇਸੇ ਨੂੰ ਸੁਰਤ ਦਾ ਜਾਪ ਆਖਦੇ ਹਨ । ਇਸ ਪੱਧਰ ਦਾ ਜਾਪ ਕਰਨ ਵਾਲੇ ਹੀ ਅਸਲ ਜਪੀ ਹਨ ।

ਸਿੱਖ ਵਿਚਾਰਧਾਰਾ ਵਿੱਚ ਗੁਰੂ ਤੇ ਸਿੱਖ ਦਾ ਰਿਸ਼ਤਾ ਸ਼ਬਦ ਤੇ ਸੁਰਤ ਦਾ ਰਿਸ਼ਤਾ ਮੰਨਿਆ ਗਿਆ ਹੈ । ਜਪ-ਅਭਿਆਸੀ ਉਹ ਹਨ ਜੋ ਸੁਰਤ ਦੁਆਰਾ ਲਗਾਤਾਰ ਸ਼ਬਦ ਦੀ ਧੁਨਿ ਵਿੱਚ ਜੁੜੇ ਰਹਿੰਦੇ ਹਨ ।

ਇਸੇ 'ਜਪ' ਦੀ ਦਾਤ ਗੁਰੂ ਨਾਨਕ ਦੇਵ ਜੀ ਨੇ ਆਪ ਪ੍ਰਾਪਤ ਕੀਤੀ ਤੇ ਫਿਰ ਸੰਸਾਰ ਭਰ ਵਿੱਚ ਵੰਡੀ। ਜਦੋਂ ਗੁਰੂ ਬਾਬਾ ਜੀ ਵੇਈਂ ਨਦੀ ਵਿੱਚ ਟੁੱਭੀ ਲਾਣ ਪੁਰ ਸੱਚ-ਖੰਡ ਗਏ, ਤਾਂ ਉਸ ਦਰਗਾਹੋਂ ਨਾਮ ਦਾ ਪਿਆਲਾ ਉਨ੍ਹਾਂ ਨੂੰ ਪ੍ਰਾਪਤ ਹੋਇਆ। ਨਾਲ ਹੀ ਅਕਾਲ ਪੁਰਖ ਵੱਲ ਆਦੇਸ਼ ਹੋਇਆ "ਤੂੰ, ਜਾਇ ਕਰ ਮੇਰਾ ਨਾਮ ਜਪਾਇ...ਮੈਂ ਤੇਰੇ ਤਾਈਂ ਏਹੋ ਨਾਉ ਦੀਆ ਹੈ। ਤੂ ਏਹਾ ਕੀਰਤਿ ਕਰੁ।" ਤਦ ਅਕਾਲ ਪੁਰਖ ਨੇ ਆਪਣਾ ਮੂਲ ਮੰਤ੍ਰ ਗੁਰੂ ਨਾਨਕ ਪਾਤਸ਼ਾਹ ਨੂੰ ਦਿੱਤਾ ਤੇ ਮੂਲ ਮੰਤ੍ਰ ਤੋਂ ਬਾਦ 'ਜਪੁ'। ਇਉਂ ਗੁਰੂ ਨਾਨਕ ਦੇਵ ਜੀ ਪਰਮਾਤਮਾ ਪਾਸੋਂ 'ਜਪ' ਹੀ ਲੈ ਕੇ ਆਏ ਤੇ ਆ ਕੇ ਇਹੋ ਆਦੇਸ਼ ਦਿੱਤਾ ਕਿ:

**ਜਪਹੁ ਤ ਏਕੋ ਨਾਮਾ। ਅਵਰਿ ਨਿਰਾਫਲ ਕਾਮਾ।**

**-ਸੂਹੀ ਮ: ੧(728/5)**

ਜਿਹੜੇ ਸਿਦਕੀ ਨਾਮ ਦਾ ਅਭਿਆਸ ਕਰਦੇ ਹਨ, ਉਹ ਬੰਧਨਾਂ ਤੋਂ ਆਜ਼ਾਦ ਹੋ ਜਾਂਦੇ ਹਨ; ਮੁਕਤ ਹੋਏ ਫਿਰ ਉਹ ਪਰਮ ਸੱਚ ਵਿੱਚ ਸਮਾਏ ਰਹਿੰਦੇ ਹਨ। ਭਉਜਲੋਂ ਪਾਰ ਹੋਏ ਇਹ ਜਪੀ ਸਹਜੇ ਹੀ ਪ੍ਰਮਾਤਮਾ ਨਾਲ ਅਭੇਦ ਹੋ ਜਾਂਦੇ ਹਨ। ਐਸੇ ਜਪੀਆਂ ਦੀ ਜ਼ਿੰਦਗੀ ਹੋਰ ਦੀ ਹੋਰ ਹੋ ਜਾਂਦੀ ਹੈ। ਉਹਨਾਂ ਦੀ ਧਰਤੀ, ਉਹਨਾਂ ਦਾ ਆਕਾਸ਼ ਸੁਹਾਵਾ ਹੋ ਜਾਂਦਾ ਹੈ। ਜੀਊਂਦੇ-ਪੁਰਖ ਨੂੰ ਜਪ ਕੇ ਉਹ ਅਮਰਾਪਦ ਨੂੰ ਪ੍ਰਾਪਤ ਹੋ ਜਾਂਦੇ ਹਨ। ਐਸੇ ਜਪੀ 'ਸ਼ਬਦ' ਵਿਚ ਮਰ ਮੁਕਦੇ ਹਨ, ਸੋ ਦੂਜੀ ਵਾਰ ਨਹੀਂ ਮਰਦੇ। ਮੌਤ ਦੇ ਭੈ ਤੋਂ ਉਹ ਉਪਰ ਹੋ ਜਾਂਦੇ ਹਨ, ਕਿਉਂਕਿ ਹੁਣ ਉਹ ਕਾਲ-ਫਾਸ ਵਿੱਚ ਨਹੀਂ ਆ ਸਕਦੇ। ਇਸੇ ਲਈ ਆਰੇ ਨਾਲ ਚਿਰੀਂਦਿਆਂ ਵੀ ਉਹ ਜਪੁ ਨਹੀਂ ਤਿਆਗਦੇ। ਜਾਪ ਉਹਨਾਂ ਦਾ ਜੀਵਨ ਹੋ ਜਾਂਦਾ ਹੈ। ਜਪ ਬਿਨਾ ਜੀਣਾ ਉਹਨਾਂ ਨੂੰ ਮੌਤ ਵਰਗਾ ਭਾਸਦਾ ਹੈ। ਉਹ ਕੇਵਲ ਜਿਹਵਾ ਨਾਲ ਨਹੀਂ ਜਪਦੇ, ਉਹਨਾਂ ਦਾ ਰੋਮ ਰੋਮ, ਅਥਵਾ ਸਮੁੱਚੀ ਹੋਂਦ ਜਾਪ ਕਰਦੀ ਹੈ।

ਜਿੱਥੇ ਬੈਠ ਕੇ ਉਹ ਜਾਪ ਕਰਦੇ ਹਨ, ਉਥੋਂ ਦੀ ਧਰਤੀ ਵੀ ਉਹਨਾਂ ਨਾਲ ਜਾਪ ਕਰਨ ਲਗ ਜਾਂਦੀ ਹੈ, ਆਕਾਸ਼ ਵੀ; ਚੰਨ-ਸੂਰਜ ਵੀ; ਪਉਣ-ਪਾਣੀ ਵੀ; ਸਗਲ ਸਿਰਜਨਾ ਵੀ। ਸਾਰੇ ਜੀਅ ਜੰਤੂ ਉਨ੍ਹਾਂ ਨੂੰ ਨਾਮ ਦਾ ਜਾਪ ਕਰਦੇ ਪ੍ਰਤੀਤ ਹੁੰਦੇ ਹਨ। ਐਸੇ ਜਪੀਆ ਨੂੰ ਹੀ ਅਰਦਾਸ ਵਿੱਚ ਸਿਮਰਿਆ ਜਾਂਦਾ ਹੈ।

## ਤਪੀ

ਤਪ ਦੇ ਅਰਥ ਹਨ: ਅੱਗ ਵਿੱਚ ਤਪਾਉਣਾ। ਸੰਕੇਤਕ ਅਰਥ ਹਨ : ਸਰੀਰ ਨੂੰ ਕਸ਼ਟਾਂ ਦੀ ਅੱਗ ਵਿੱਚ ਸਾੜਨਾ। ਸੂਫ਼ੀ ਸ਼ਬਦਾਵਲੀ ਵਿੱਚ ਇਸ ਨੂੰ ਰਿਆਜ਼ਤ ਆਖਦੇ ਹਨ। ਤਪ-ਕਰਮਾਂ ਦੀ ਸਾਧਨਾ ਇਸ ਆਸ ਨਾਲ ਕੀਤੀ ਜਾਂਦੀ ਹੈ ਕਿ ਇਨ੍ਹਾਂ ਰਾਹੀਂ ਆਪਾ ਨਿਵਾਰਨ ਵਿੱਚ ਮਦਦ ਮਿਲਦੀ ਹੈ ਤੇ ਮਨ ਪਵਿੱਤ੍ਰ ਹੋਂਦਾ ਹੈ।

ਕਰਮ-ਕਾਂਡੀ ਧਰਮ ਵਿੱਚ ਕਈ ਪ੍ਰਕਾਰ ਦੇ ਤਪ ਸਾਧੇ ਜਾਂਦੇ ਹਨ, ਜਿਨ੍ਹਾਂ ਨੂੰ ਵ੍ਰੱਤ ਵੀ ਕਿਹਾ ਜਾਂਦਾ ਹੈ। ਇਹਨਾਂ ਵਿਚੋਂ ਕੁਝ ਵ੍ਰੱਤ ਇਸ ਪ੍ਰਕਾਰ ਹਨ : ਅਹਾਰ ਵ੍ਰੱਤ (ਅੰਨ ਤੋਂ ਪਰਹੇਜ਼), ਵਸਤ੍ਰ ਵ੍ਰੱਤ (ਨੰਗਿਆਂ ਰਹਿਣਾ), ਮੌਨ ਵ੍ਰੱਤ (ਚੁਪ ਸਾਧ ਰਹਿਣਾ), ਬਿੰਦ ਵ੍ਰੱਤ (ਬ੍ਰਹਮਚਰਯ), ਨਿਦ੍ਰਾ ਵ੍ਰੱਤ (ਜਾਗੇ ਕੱਟਣੇ), ਮੁਦ੍ਰਾ ਵ੍ਰੱਤ (ਇਕ ਟੰਗ ਤੇ ਖੜੋਤੇ ਰਹਿਣਾ, ਉਲਟੇ ਲਟਕਣਾ, ਲੋਹੇ ਦੀਆਂ ਮੇਖਾਂ ਗੱਡ ਕੇ ਉਪਰ ਵਿਛੌਣਾ ਕਰਨਾ; ਬਾਹਾਂ ਉੱਚੀਆਂ ਉਠਾਈ ਰਖਣਾ, ਆਦਿ)। ਇਹਨਾਂ ਤਪਾਂ ਪਿਛੇ ਮੰਤਵ ਤਾਂ ਇਹ ਹੁੰਦਾ ਸੀ ਕਿ ਕਾਮਾਦਿਕ ਵਿਸ਼ੇ ਦੂਰ ਹੋਣ ਤੇ ਮਾਲਕ ਦੀ ਪ੍ਰਾਪਤੀ ਹੋਵੇ। ਪਰ ਬਹੁਤ ਕਰ ਲੋਕੀ ਇਹਨਾਂ ਤਪਾਂ ਨੂੰ ਆਪਣੇ ਆਪ ਵਿੱਚ ਮੰਤਵ ਮੰਨ ਬੈਠਦੇ ਸਨ। ਕਈ ਤਪੇ, ਘਰ ਛਡ, ਬਨਾਂ ਵਿੱਚ ਚਲੇ ਜਾਂਦੇ ਸਨ;

ਧੂਣੀਆਂ ਤਪਾਂਦੇ, ਗੇਰੂਏ ਬਸਤ੍ਰ ਪਹਿਨਦੇ, ਤੇ ਕਈ ਪ੍ਰਕਾਰ ਦੇ ਤਪ-ਕਰਮ ਕਰਦੇ ਸਨ । ਪਰ, ਕਾਮਾਦਿਕ ਵਿਸ਼ੇ ਨਾਲ ਹੀ ਲਈ ਫਿਰਦੇ ਸਨ । ਇਸ ਲਈ ਇਸ ਤਰ੍ਹਾਂ ਦੇ ਸਾਰੇ ਤਪ ਗੁਰਮਤਿ ਵਿੱਚ ਅਪਰਵਾਨ ਹਨ । ਇਹ ਸਾਰੇ ਗ਼ੈਰ-ਕੁਦਰਤੀ ਵੀ ਹਨ ਤੇ ਨਿਰਾਦਰੀ ਤੇ ਖ਼ੁਆਰੀ ਦਾ ਕਾਰਨ ਵੀ । ਜੇਕਰ ਮਨ ਮਾਇਆ ਵਿੱਚ ਭਟਕਦਾ ਫਿਰੇ, ਤੇ ਭਰਮਾਂ ਨਾਲ ਗ੍ਰੱਸਿਆ ਰਹੇ ਤਾਂ ਤਪਾ ਪਰਮ ਗਤਿ ਕਿਵੇਂ ਪਾ ਸਕਦਾ ਹੈ ?

ਈਸਾਈ ਧਰਮ ਵਿੱਚ ਸੋਗ-ਸੰਤਾਪ, ਪ੍ਰਾਇਸ਼ਚਿਤ-ਪਸ਼ਚਾਤਾਪ, ਤੌਬਾ-ਇਕਬਾਲ, ਕਸ਼ਟ-ਨਿਗ੍ਰਹ ਆਦਿਕ ਤਪ-ਸਾਧਨ ਪ੍ਰਚਲਤ ਰਹੇ ਹਨ । ਪਰ ਗੁਰਮਤਿ ਵਿੱਚ ਐਸੇ ਸਾਧਨ ਵੀ ਪਰਵਾਨ ਨਹੀਂ।

ਗੁਰਮਤਿ ਵਿੱਚ ਤਾਂ ਦੋ ਹੀ ਵੱਡੇ ਤਪ-ਸਾਧਨ ਪਰਵਾਨ ਹਨ : ਇੱਕ ਰਜ਼ਾ ਤੇ ਦੂਸਰਾ ਸੇਵਾ । ਰਜ਼ਾ ਵਿੱਚ ਰਹਿਣ ਵਾਲੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹਨ । ਉਹ ਤਾਂ ਦੁੱਖ ਭੁੱਖ ਦੀ ਮਾਰ ਨੂੰ ਵੀ ਮਾਲਕ ਦੀ ਦਾਤ ਕਰਕੇ ਹੀ ਜਾਣਦੇ ਹਨ । ਭੁੱਖ ਵਿਚੋਂ ਉਹ ਰੱਜ ਪ੍ਰਾਪਤ ਕਰਦੇ ਹਨ, ਤੇ ਦੁੱਖ ਵਿਚੋਂ ਸੁੱਖ ।

ਮਹਾਨ ਤਪੱਸਵੀ ਸ੍ਰੀ ਗੁਰੂ ਅਰਜਨ ਦੇਵ ਜੀ, ਤੱਤੀ ਤਵੀ ਤੇ ਬੈਠੇ ਵੀ ਤੇਰਾ ਕੀਆ ਮੀਠਾ ਲਾਗੈ ਦੇ ਸੁਰ ਅਲਾਪਦੇ ਰਜ਼ਾ ਦੇ ਤਪ ਦੀ ਅਦੁੱਤੀ ਮਿਸਾਲ ਪੇਸ਼ ਕਰ ਗਏ ।

ਗੁਰਮਤਿ ਵਿੱਚ ਦੂਸਰਾ ਪਰਵਾਨ ਤਪ ਸੇਵਾ ਦਾ ਹੈ । ਸ੍ਰੀ ਅਮਰਦਾਸ ਜੀ ਸੇਵਾ ਦਾ ਤਪ ਸਾਧ ਕੇ 'ਨਿਥਾਵਿਆਂ ਦਾ ਥਾਉਂ ਗੁਰੂ ਅਮਰਦਾਸ' ਹੋ ਗਏ । ਭਾਈ ਮੰਝ 'ਗੁਰੂ ਕਾ ਬੋਹਿਥਾ' ਹੋ ਗਏ । ਭਾਈ ਕਨ੍ਹਈਆ ਸੇਵਾ ਪੰਥੀ ਸੰਪ੍ਰਦਾਇ ਦੇ ਮੋਢੀ ਹੋ ਗਏ ।

ਸਿੱਖ ਧਰਮ ਵਿੱਚ ਗੁਰ-ਸੇਵਾ ਨੂੰ ਉੱਚਤਮ ਤਪ-ਤਪਾਂ ਸਿਰ ਤਪ-ਕਿਹਾ ਗਿਆ ਹੈ । ਸੇਵਾ ਤੋਂ ਵਿਹੀਣੇ ਹੱਥਾਂ-ਪੈਰਾਂ ਨੂੰ ਧਿੱਕਾਰ ਯੋਗ ਗਰਦਾਨਿਆ ਗਿਆ ਹੈ ।

ਸਬਰ ਸੰਤੋਖ ਨਾਲ ਰਹਿਣਾ, ਸੁਕ੍ਰਿਤ ਕਰ ਕੇ ਕਮਾਈ ਕਰਨੀ, ਸੰਜਮੀ ਸੁਭਾ ਨਾਲ ਜੀਊਣਾ ਤੇ ਵਾਹਿਗੁਰੂ ਦੇ ਧਿਆਨ ਵਿੱਚ ਮਗਨ ਰਹਿਣਾ, ਸਿੱਖੀ ਵਿੱਚ ਤਪੱਸਿਆ ਦੇ ਅੰਗ ਥਾਪੇ ਗਏ ਹਨ । ਥੋੜਾ ਖਾਣਾ ਤੇ ਘੱਟ ਸੌਣਾ, ਸਿੱਖੀ ਦੇ ਸੰਜਮੀ ਤਪ ਹਨ ।

ਸੇਵਾ ਤੇ ਰਜ਼ਾ ਦਾ ਆਪਸ ਵਿੱਚ ਬੜਾ ਗੂੜ੍ਹਾ ਸੰਬੰਧ ਹੈ । ਇਹ ਦੋਵੇ ਹਰੀ-ਮਿਲਾਪ ਦੇ ਪ੍ਰਮੁਖ ਸਾਧਨਾਂ ਵਿਚੋਂ ਹਨ :

**ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ** । ਵਾਰ ਬਿਹਾਗੜਾ ਮ: ੪, ਮ: ੩ (549/11)

ਉੱਦਮ ਤੋਂ ਬਿਨਾਂ ਕੋਈ ਵੀ ਤਪ ਨਹੀਂ ਹੋ ਸਕਦਾ । ਸੋ ਉੱਦਮ ਆਪਣੇ ਆਪ ਵਿੱਚ ਇੱਕ ਤਰ੍ਹਾਂ ਦੀ ਤਪੱਸਿਆ ਹੈ । ਪਰਮਪਦ ਦੀ ਪ੍ਰਾਪਤੀ ਮਗਰੋਂ ਵੀ ਇਸ ਦਾ ਜਾਰੀ ਰਹਿਣਾ ਲਾਜ਼ਮੀ ਹੈ । ਭਾਈ ਮਰਦਾਨੇ ਨੇ ਇਕ ਵੇਰ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ, "ਤੁਹਾਨੂੰ ਸਿਮਰਨ ਦੀ ਕੀ ਲੋੜ ਹੈ ? ਤਦ ਗੁਰੂ ਬਾਬੇ ਨੇ ਉੱਤਰ ਦਿੱਤਾ, "ਮਰਦਾਨਿਆ, ਅਸੀਂ ਜੋਗੀਆਂ ਵਾਲਾ ਤਪ ਨਹੀਂ ਕਰਦੇ । ਸਾਡਾ ਤਪ ਤਾਂ ਰੱਬ ਦੀਆਂ ਬਖ਼ਸ਼ਿਸ਼ਾਂ ਪ੍ਰਪੱਕ ਕਰਨ ਲਈ ਹੈ । ਜਦ ਉਸ ਦੀਆਂ ਬਖ਼ਸ਼ਿਸ਼ਾਂ ਨਹੀਂ ਮੁਕਦੀਆਂ, ਮੇਰੀ ਤਪੱਸਿਆ ਕਿਵੇਂ ਖੜੋ ਸਕਦੀ ਹੈ ?"

ਇਉਂ ਜਿਨ੍ਹਾਂ ਅਵਿਰਲ ਭਾਣੇ ਵਿੱਚ ਰਹਿੰਦਿਆਂ ਸਬਰ ਤੇ ਸੰਤੋਖ ਨਾਲ ਸੇਵਾ ਦਾ ਤਪ ਕੀਤਾ, ਉਹੀ ਸਾਡੇ ਤਪੀ ਹਨ, ਜਿਨ੍ਹਾਂ ਨੂੰ ਅਸੀਂ ਅਰਦਾਸ ਵਿੱਚ ਪੂਰੇ ਮਾਣ-ਸਤਿਕਾਰ ਨਾਲ ਚਿਤਵਦੇ ਹਾਂ ।

# ਹੱਠੀ

ਹੱਠੀ ਉਸ ਨੂੰ ਆਖਦੇ ਹਨ ਜੋ ਆਪਣੀ ਥਾਂ ਤੋਂ ਹਿਲਦਾ ਨਹੀਂ, ਸਗੋਂ ਉਥੇ ਹੀ ਡਟਿਆ ਰਹਿੰਦਾ ਹੈ। ਐਸੀ ਅਟੱਲਤਾ ਤੇ ਦ੍ਰਿੜ੍ਹਤਾ ਵਾਲੇ ਇਰਾਦੇ ਨੂੰ ਹੱਠ ਕਹਿੰਦੇ ਹਨ।

ਇੱਕ ਤਰ੍ਹਾਂ ਦੇ ਹੱਠੀ ਐਸੇ ਵੀ ਹੋਂਦੇ ਹਨ, ਜੋ ਆਪਣੇ ਇਰਾਦੇ ਦੇ ਵਿਅਰਥ ਸਿੱਧ ਹੋ ਜਾਣ ਮਗਰੋਂ ਵੀ ਆਪਣੀ ਜ਼ਿੱਦ ਤੇ ਅੜੇ ਰਹਿੰਦੇ ਹਨ। ਉਹ ਹਕੀਕਤ ਦਿੱਸਣ ਤੇ ਵੀ ਹੱਠ ਨਹੀਂ ਛਡਦੇ। ਰਾਵਣ ਐਸੇ ਹੱਠੀਆਂ ਦੀ ਇੱਕ ਮਿਸਾਲ ਹੈ, ਜਿਸ ਨੇ ਆਪਣੇ ਸੱਜਣ ਸੈਨ, ਬਲੀ ਜੋਧੇ, ਭਰਾ ਪੁੱਤਰ ਮਰਵਾ ਕੇ ਵੀ ਸੀਤਾ ਨੂੰ ਮੋੜ ਦੇਣਾ ਨ ਮੰਨਿਆ। ਆਪ ਵੀ ਮਾਰਿਆ ਗਿਆ, ਪਰ ਜੀਂਦੇ ਜੀ, ਵਾਸ਼ਨਾ ਦੇ ਮਾਰੇ ਨੇ, ਹੱਠ ਨਹੀਂ ਛਡਿਆ। ਇਸ ਤਰ੍ਹਾਂ ਦਾ ਹੱਠ ਜੋ ਮਨ ਦੇ ਮਗਰ ਲਗ ਕੇ ਕੀਤਾ ਜਾਵੇ, ਮਨ-ਹੱਠ ਹੈ, ਜੋ ਗੁਰਮਤਿ ਵਿੱਚ ਨਿੰਦਿਤ ਹੈ। ਐਸਾ ਹੱਠ ਤਾਂ ਸਦਾ ਖੁਆਰ ਹੀ ਹੋਂਦਾ ਹੈ। ਐਸੇ ਹੱਠੀਆਂ ਨੂੰ ਹੱਠ ਧਰਮੀ ਕਹਿੰਦੇ ਹਨ, ਜੋ ਆਪਣੀ ਜ਼ਿੱਦ ਨੂੰ ਧਰਮ ਵਾਂਗ ਮੰਨ ਲੈਂਦੇ ਹਨ ਤੇ ਸੱਤ ਅਸੱਤ ਦਾ ਵਿਚਾਰ ਕੀਤੇ ਬਿਨਾ ਉਸ ਤੇ ਅੜੇ ਰਹਿੰਦੇ ਹਨ।

ਇੱਕ ਤਰ੍ਹਾਂ ਦੇ ਹੱਠੀ ਉਹ ਵੀ ਹਨ ਜੋ ਕੇਵਲ ਦਿਖਾਵੇ ਲਈ ਹਠੀਲੇ ਕਰਮ ਕਰ ਕੇ ਉਦਰ ਭਰਦੇ ਹਨ। ਇਹ ਹੱਠ-ਕਰਮੀ ਹਨ। ਇਹਨਾਂ ਦਾ ਮਨ ਸ਼ਾਂਤ ਨਹੀਂ ਹੋਂਦਾ, ਲੋਕ-ਲਾਜ ਮਾਰੇ ਭਾਵੇਂ ਇੰਦਰੀਆਂ ਨੂੰ ਰੋਕੀ ਰਖਣ। ਐਸੇ ਹੱਠੀ ਵੀ ਗੁਰਮਤਿ ਵਿੱਚ ਨਿੰਦਿਤ ਹਨ।

ਐਸੇ ਹੱਠ-ਕਰਮੀਆਂ ਵਿੱਚ ਹੀ ਹੱਠ-ਯੋਗੀ ਵੀ ਸ਼ਾਮਿਲ ਹਨ, ਜੋ ਇਹ ਮੰਨਦੇ ਹਨ ਕਿ ਸਰੀਰਕ ਹੱਠ ਨਾਲ ਯੋਗ-ਸਿੱਧੀ ਪ੍ਰਾਪਤ ਕੀਤੀ ਜਾ ਸਕਦੀ ਹੈ। ਐਸੇ ਹੱਠ-ਯੋਗੀ ਬੜੀਆਂ ਕਠਿਨ ਕਠਿਨ ਮੁਦ੍ਰਾਵਾਂ ਤੇ ਆਸਣਾ (ਨੇਤੀ ਧੋਤੀ ਆਦਿ) ਦੀ ਸਾਧਨਾ ਕਰਦੇ ਹਨ। ਪਰ ਐਸੇ ਹੱਠ-ਨਿਗ੍ਰਹ ਨਾਲ ਤਾਂ ਸਰੀਰ ਹੀ ਛਿਜਦਾ ਹੈ, ਪਰਮਾਤਮਾ ਦੀ ਪ੍ਰਾਪਤੀ ਤਾਂ ਨਹੀਂ ਹੋਂਦੀ। ਇਸ ਲਈ ਗੁਰਮਤਿ ਵਿੱਚ ਐਸਾ ਹੱਠ ਵੀ ਪਰਵਾਨ ਨਹੀਂ :

**ਹਠੁ ਕਰਿ ਮਰੈ ਨ ਲੇਖੈ ਪਾਵੈ।** -ਗਉੜੀ ਅਸਟ : ਮ: ੧(226/5)

ਇਹਨਾਂ ਹੱਠ-ਧਰਮੀਆਂ, ਹੱਠ-ਕਰਮੀਆਂ, ਹੱਠ-ਯੋਗੀਆਂ ਦੇ ਟਾਕਰੇ ਤੇ ਧਰਮ-ਹੱਠੀ ਹਨ, ਜੋ ਧਰਮ ਤੇ ਸੱਚ ਤੇ ਪੱਕਿਆਂ ਰਹਿਣ ਦਾ ਹੱਠ ਕਰਦੇ ਹਨ। ਐਸੇ ਹੱਠੀ ਆਪਣੇ ਆਦਰਸ਼ਾਂ ਤੋਂ ਨਹੀਂ ਟਲਦੇ, ਸੱਚ-ਨਿਆਂ ਤੇ ਮੁਹਕਮ ਰਹਿੰਦੇ ਹਨ। ਸਿੱਖ ਵਿਚਾਰਧਾਰਾ ਵਿੱਚ ਐਸੇ ਹੱਠ ਨੂੰ ਸਿਰੜ ਦਾ ਨਾਮ ਦਿੱਤਾ ਗਿਆ ਹੈ। ਸਿਰੜ, ਸੀਸ ਦੇ ਦੇਂਦਾ ਹੈ, ਪਰ ਸਿਦਕ ਨਹੀਂ ਹਾਰਦਾ। ਭੈ ਜਾਂ ਲਾਲਚ ਵਿੱਚ ਆ ਕੇ ਕਦੇ ਕਮਜ਼ੋਰੀ ਨਹੀਂ ਦਿਖਾਉਂਦਾ। ਐਸਾ ਹੱਠ ਬਿਬੇਕੀ ਹੱਠ ਹੈ। ਇਹ ਸਿਰੁ ਦੀਜੈ ਕਾਨਿ ਨ ਕੀਜੈ ਵਾਲਾ ਹੱਠ ਹੈ; ਉਰ ਨ ਭੀਜੈ ਪਗੁ ਨਾ ਖਿਸੈ ਵਾਲਾ ਹੱਠ ਹੈ; "ਬਚਨ ਕੇ ਸੂਰੇ" ਹੋਣ ਵਾਲਾ ਹੱਠ ਹੈ; "ਬਿਰਦ ਬਾਣੇ ਦੀ ਪੈਜ" ਵਾਲਾ ਹੱਠ ਹੈ।

ਇਹ ਸਰਬ ਲੋਹ ਦਾ ਹੱਠ ਹੈ।'ਵਾਹਿਗੁਰੂ ਜੀ ਕੀ ਫ਼ਤਹ' ਦਾ ਹੱਠ ਹੈ। ਐਸੇ ਹੱਠੀ ਸੀਨੇ ਤੇ ਦਾਗ਼ ਲਵਾਉਂਦੇ ਹਨ। ਇਹਨਾਂ ਦਾ ਹੱਠ ਕੱਟੜਤਾ ਦਾ ਹੱਠ ਨਹੀਂ ਹੋਂਦਾ, ਸਹਿਜ-ਹੱਠ ਹੋਂਦਾ ਹੈ। ਇਹ ਅਹੰਕਾਰੀ ਹੱਠ ਨਹੀਂ ਹੋਂਦਾ, ਆਤਮ-ਦ੍ਰਿੜ੍ਹਤਾ ਦਾ ਹੱਠ ਹੋਂਦਾ ਹੈ। ਐਸੇ ਹੱਠੀ ਹੀ ਬਚਨ ਦੇ ਪੂਰੇ ਤੇ ਧੁਨ ਦੇ ਪੱਕੇ ਹੁੰਦੇ ਹਨ। ਉਹ ਸਦਾ ਨਿਰਭੈ ਤੇ ਨਿਰਲੋਭ ਹੋ ਕੇ ਅਡੋਲਤਾ ਵਿੱਚ ਵਿਚਰਦੇ ਹਨ। ਐਸੇ ਹੱਠੀ ਹੀ ਗੁਰਮਤਿ ਦੇ ਪਰਵਾਨ ਕੀਤੇ ਉੱਤਮ ਧਰਮ-ਹੱਠੀ ਹਨ, ਜਿਨ੍ਹਾਂ ਨੂੰ ਅਸੀਂ ਅਰਦਾਸ ਵਿੱਚ ਨਿਤ ਸ਼ਰਧਾ ਤੇ ਸਤਿਕਾਰ ਭਰਿਆ ਅਭਿਨੰਦਨ ਦੇਂਦੇ ਹਾਂ।

**ਧੰਨਵਾਦਿ ਸਾਹਿਤ ਵਿਚੋਂ :- ਜਸਵੰਤ ਸਿੰਘ ਨੇਕੀ**

# ਗੁਰਮਤਿ ਰਹਿਣੀ ਤੇ ਖਾਲਸਾ

ਗੁਣੀ ਨਿਧਾਨੁ ਖਾਲਸਾ

ਹਰ ਥਾਂ ਤੇ ਰਹਿਣ ਦੀ ਕੋਈ ਮਰਿਆਦਾ ਹੈ। ਜਦੋਂ ਕੋਈ ਮਨੁੱਖ ਉਸ ਮਰਿਆਦਾ ਨੂੰ ਤੋੜਦਾ ਹੈ ਤਾਂ ਦੁਖੀ ਹੁੰਦਾ ਹੈ। ਹਰ ਦੇਸ਼ ਵਿੱਚ ਰਹਿਣ ਦਾ ਕੋਈ ਕਾਨੂੰਨ ਹੈ ਜਿਹੜਾ ਮੰਨੇ ਉਥੇ ਰਹਿੰਦਾ ਹੈ ਨਹੀਂ ਤਾਂ ਉਸ ਦੇਸ਼ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਜੇ ਉਸ ਦੇਸ਼ ਵਿੱਚ ਰਹੇ ਤਾਂ ਕਿਸੇ ਜੇਲ੍ਹ ਵਿੱਚ ਰਹੇਗਾ।

ਪੁਰਾਤਨ ਕਥਾ ਹੈ ਕਿ ਪਹਿਲਾ ਮਨੁੱਖ ਜਿਸ ਨੂੰ ਆਦਮ ਕਹਿੰਦੇ ਹਾਂ, ਉਹ ਤੇ ਉਸ ਦੀ ਜੀਵਨ ਸਾਥਣ ਹਵਾ ਮਾਈ ਜੋ ਖੁਦਾ ਨੇ ਸਾਜੇ ਸਨ ਨੂੰ ਸਭ ਤੋਂ ਵਧੀਆ ਰਿਹਾਇਸ਼ੀ ਸੁੰਦਰ ਬਾਗ ਦਿੱਤਾ ਅਤੇ ਰਹਿਣ ਵਾਸਤੇ ਕੁਝ ਰਹਿਣੀ ਦੱਸੀ ਕਿ ਇਸ ਰਹਿਣੀ ਵਿੱਚ ਰਹੋਗੇ ਜਿਸ ਨੇ ਇਸ ਰਹਿਤ ਤੋਂ ਉਲਟ ਕੁਰਹਿਤ ਕੀਤੀ ਉਹ ਧਰਤੀ ਤੇ ਸੁਣਿਆ ਜਾਏਗਾ। ਮਾਈ ਹਵਾ ਨੂੰ ਸ਼ੈਤਾਨ ਨੇ ਉਕਸਾਇਆ। ਉਸ ਨੇ ਆਦਮ ਨੂੰ ਪ੍ਰੇਰਿਆ ਤੇ ਵਿਵਰਜ਼ਿਤ ਫਲ ਖੁਆ ਦਿੱਤਾ। ਬਸ ਇਸ ਹੁਕਮ ਅਦੂਲੀ ਵਾਸਤੇ ਇਨ੍ਹਾਂ ਨੂੰ ਅਰਸ਼ਾਂ ਤੋਂ ਜ਼ਮੀਨ ਤੱਕ ਆਉਣਾ ਪਿਆ। ਉਸ ਹੁਕਮ ਅਦੂਲੀ ਦਾ ਸੰਤਾਪ ਆਦਮ ਦੀ ਨਸਲ ਅੱਜ ਤੱਕ ਭੋਗ ਰਹੀ ਹੈ।

ਪਰ ਇਹ ਕਥਾ ਲਿਖਣ ਵਾਲਿਆਂ ਇਹ ਨਹੀਂ ਲਿਖਿਆ ਕਿ ਖੁਦਾ ਨੇ ਅੱਗੋਂ ਕੁਝ ਕਿਹਾ ਹੋਵੇ ਕਿ ਜੇ ਧਰਤੀ ਤੇ ਵੀ ਕੁਰਹਿਤ ਕੀਤੀ ਤਾਂ ਅੱਗੋਂ ਕਿਥੇ ਸੁੱਟੇ ਜਾਉਗੇ। ਬਾਅਦ ਵਿੱਚ ਜਿਹੜੇ ਧਰਮ ਵਜੂਦ ਵਿੱਚ ਆਏ ਉਨ੍ਹਾਂ ਦੇ ਆਗੂਆਂ ਨੇ ਕਿਹਾ ਖੁਦਾ ਨੇ ਸਿੱਧਾ ਨਹੀਂ ਕਿਹਾ ਪਰ ਸਾਡੇ ਹੱਥ ਪੈਗਾਮ ਭੇਜਿਆ ਹੈ ਕਿ ਜੇ ਤੁਸੀਂ ਇਥੇ ਵੀ ਕੁਰਹਿਤਾਂ ਕਰੋਗੇ ਤਾਂ ਧਰਤੀ ਤੋਂ ਵੀ ਜੋ ਬੁਰਾ ਦੋਜ਼ਖ ਹੈ ਉਥੇ ਸੁੱਟੇ ਜਾਉਗੇ। ਵੈਸੇ ਤਾਂ ਦੋਜ਼ਕ ਦਾ ਜੋ ਨਕਸ਼ਾ ਬਣਾਇਆ ਹੈ ਉਹ ਸਭ ਕੁਝ ਹੀ ਧਰਤੀ ਤੇ ਮਿਲ ਜਾਂਦਾ ਹੈ ਬਲਕਿ ਕਲਪਨਾ ਤੋਂ ਜ਼ਿਆਦਾ ਹੀ ਮਿਲ ਜਾਂਦਾ ਹੈ। ਖੈਰ ਦੁੱਧ ਦਾ ਸੜਿਆ ਛਾਛ ਨੂੰ ਵੀ ਫੂਕਾਂ ਮਾਰਦਾ ਹੈ।

ਮੁਸਲਮਾਨ ਤੇ ਈਸਾਈ ਦੋਜ਼ਖ ਤੋਂ ਡਰਦੇ ਹੁਕਮ ਮੰਨਦੇ ਹਨ। ਤੇ ਹੁਕਮ ਮਨਣ ਵਾਲੇ ਲਈ ਕਿਹਾ ਹੈ ਜੇ ਸ਼ਰੱਾ ਅਨੁਸਾਰ ਚੱਲੇਗਾ ਤਾਂ ਫਿਰ ਜਿਸ ਬਾਗ਼ ਵਿਚੋਂ ਆਦਮ ਨੂੰ ਕੱਢਿਆ ਗਿਆ ਸੀ ਤੂੰ ਉਸੇ ਬਹਿਸ਼ਤ ਦੇ ਬਾਗ਼ ਵਿੱਚ ਹੀ ਫਿਰ ਚਲਾ ਜਾਵੇਂਗਾ।

ਇਕਬਾਲ ਮੁਸਲਮਾਨ ਹੁੰਦਿਆਂ ਇੱਕ ਗੱਲ ਕਹਿੰਦਾ ਹੈ ਕਿ ਹੇ ਮੁੱਲਾ ਬਹਿਸ਼ਤ ਹੂਰਾਂ ਗੁਲਾਮ ਬੰਦਗੀ ਤੇ ਬਦਲੇ ਮਿਲਣਗੇ ਐਸੀਆਂ ਗੱਲਾਂ ਮੈਂ ਨਹੀ ਮੰਨਦਾ। ਹੇ ਉਪਦੇਸ਼ਕ ਇਨ੍ਹਾਂ ਗੱਲਾਂ ਨਾਲ ਬੰਦੇ ਦਾ ਈਮਾਨ ਕਮਜ਼ੋਰ ਹੋ ਜਾਂਦਾ ਹੈ।

ਬਹਿਸ਼ਤੋਂ ਹੂਰੋ ਗਿਲਮਾਂ ਇਵਜ਼ੇ ਤਾਇਤ ਮੈ ਨਾ ਮਾਨੂਗਾ।
ਇਨਹੀ ਬਾਤੋਂ ਸੇ ਐ ਵਾਇਜ਼ ਜ਼ਈਫ਼ ਈਮਾਨ ਹੋਤਾ ਹੈ।

ਹਰ ਸਿਆਣਾ ਇਹੀ ਕਹਿੰਦਾ ਹੈ ਕਿ ਜੇ ਤੈਨੂੰ ਧਰਤੀ ਤੇ ਰਹਿਣਾ ਆ ਜਾਵੇ ਤੇ ਨਾ ਤੈਨੂੰ ਥੱਲੇ ਦੋਜ਼ਕ ਦਾ ਡਰ ਰਹੇ ਅਤੇ ਨਾ ਹੀ ਉਪਰ ਬਹਿਸ਼ਤ ਦਾ ਲਾਲਚ ਰਹੇ ਬੰਦਾ ਥੱਲੇ ਵੇਖਕੇ ਡਰਦਾ ਹੈ ਉਪਰ ਵੇਖ ਕੇ ਲੋਭ ਕਰਦਾ ਹੈ। ਥੱਲੇ ਦੋਜ਼ਕ ਹੈ, ਉਪਰ ਬਹਿਸ਼ਤ ਹੈ। ਐਸੀ ਚਿਰਾਂ ਦੀ ਪੁਰਾਣੀ ਧਾਰਨਾ ਹੈ।

ਸਨਾਤਨ ਦੇ ਪੁਰਾਣ ਪੜ੍ਹਦੇ ਹਾਂ ਕਿ ਸਵਰਗਾਂ ਵਿੱਚ ਗ਼ਲਤੀ ਹੋ ਗਈ ਤੇ ਅਪਛਰਾਂ ਨੂੰ ਧਰਤੀ ਤੇ ਡਿਗਣਾ ਪਿਆ। ਬਲਕਿ ਰਾਕਸ਼ਾਂ ਦੇ ਘਰ ਜਨਮ ਲੈਣਾ ਪਿਆ। ਇਸ ਤੋਂ ਇੱਕ ਗੱਲ ਸਿੱਧ ਹੋ ਗਈ ਕਿ ਬਹਿਸ਼ਤ ਵਿੱਚ ਵੀ ਰਹਿਣ ਦੀ ਮਰਿਆਦਾ ਹੈ। ਪਰ ਨਰਕ ਵਿੱਚ ਰਹਿਣ ਦੀ ਕੋਈ ਮਰਿਆਦਾ ਨਹੀਂ। ਦੋਜ਼ਕ ਵਿੱਚ ਰਹਿਣ ਦੀ ਕੋਈ ਮਰਿਆਦਾ ਨਹੀਂ। ਅਸਲ ਗੱਲ ਇੰਝ ਜਾਪਦੀ ਹੈ ਕਿ ਸਵਰਗ ਹੈ ਸੁੱਖ ਅਤੇ ਨਰਕ ਹੈ ਦੁੱਖ।

ਸੁੱਖ ਵਿੱਚ ਰਹਿਣ ਦੀ ਮਰਿਆਦਾ ਹੈ ਬੰਦਾ ਮਰਿਆਦਾ ਤੋੜੇਗਾ ਦੁਖੀ ਹੋਵੇਗਾ। ਜਦੋਂ ਵੀ ਕੋਈ ਸੁੱਖ ਦੇ ਸਵਰਗ ਵਿਚੋਂ ਗਿਰੇਗਾ ਤਾਂ ਦੁੱਖ ਵਿੱਚ ਹੀ ਗਿਰੇਗਾ। ਇਹ ਤਾਂ ਕਿਹਾ ਜਾਂਦਾ ਹੈ ਕਿ ਜੇ ਤੂੰ ਸਵਰਗ ਵਿੱਚ ਮਰਿਆਦਾ ਤੋੜੇਗਾ ਤਾਂ ਧਰਤੀ ਤੇ ਆ ਜਾਏਗਾ। ਧਰਤੀ ਤੇ ਮਰਿਆਦਾ ਤੋੜੇਂਗਾ ਤਾਂ ਨਰਕ ਵਿੱਚ ਚਲਾ ਜਾਵੇਂਗਾ। ਪਰ ਇਹ ਮੈਂ ਕਿਤੇ ਨਹੀਂ ਪੜ੍ਹਿਆ ਸੁਣਿਆ ਕਿ ਜੇ ਨਰਕ ਦੀ ਮਰਿਆਦਾ ਤੋੜੇਂਗਾ ਤਾਂ ਕਿਤੇ ਅੱਗੇ ਸੁਟਿਆ ਜਾਵੇਂਗਾ। ਨਰਕ ਦੀ ਮਰਿਆਦਾ ਹੈ ਹੀ ਕੋਈ ਨਹੀਂ। ਉਥੇ ਸਿਰਫ਼ ਦੁੱਖ ਹੀ ਦੁੱਖ ਹੈ। ਦੁੱਖ ਹੀ ਭੋਗਣਾ ਹੈ। ਬੇਵਸੀ ਹੈ, ਰੋਣਾ ਕੁਰਲਾਉਣਾ ਹੈ। ਇੰਜ ਕਹੀਏ ਤਾਂ ਠੀਕ ਨਹੀਂ ਹੋਵੇਗਾ ਕਿ ਜਿਹੜਾ ਮਰਿਆਦਾ ਤੋਂ ਬਿਨਾਂ ਜੀਅ ਰਿਹਾ ਹੈ ਉਹ ਨਰਕਾਂ ਵਿੱਚ ਹੀ ਜੀਅ ਰਿਹਾ ਹੈ।

ਸਤਿਗੁਰਾਂ ਨੇ ਕਿਹਾ ਸੀ ਸਵਰਗਾਂ ਦਾ ਲੋਭ ਉਹ ਕਰਦੇ ਹਨ ਜਿਨ੍ਹਾਂ ਨੂੰ ਧਰਤੀ ਤੇ ਗੁਰਮਤਿ ਦੀ ਰਹਿਣੀ ਅਨੁਸਾਰ ਜਿਊਣਾ ਨਹੀਂ ਆਇਆ ਅਤੇ ਨਰਕਾਂ ਦੇ ਦੁੱਖਾਂ ਤੋਂ ਵੀ ਉਹ ਡਰਦੇ ਹਨ ਜਿਨ੍ਹਾਂ ਨੂੰ ਗੁਰਮਤਿ ਰਹਿਤ ਵਿੱਚ ਰਹਿਣਾ ਨਹੀਂ ਆਇਆ। ਜੇ ਬੰਦੇ ਨੂੰ ਇਸ ਧਰਤੀ ਤੇ ਗੁਰੂ ਦੀ ਮਤਿ ਅਨੁਸਾਰ ਜਿਊਣਾ ਆ ਜਾਵੇ ਤਾਂ ਸੱਚੀ ਗੱਲ ਇਹ ਹੈ ਕਿ ਸਾਰੇ ਸਵਰਗ ਵੀ ਵਿਹਲੇ ਹੋ ਜਾਣ ਅਤੇ ਸਾਰੇ ਨਰਕ ਵੀ ਵਿਹਲੇ ਹੋ ਜਾਣ। ਸਾਰੇ ਸਵਰਗੀ ਵੀ ਖਾਲਸਾ ਬਣ ਕੇ ਗੁਰੂ ਦੀ ਹਜ਼ੂਰੀ ਵਿੱਚ ਆ ਜਾਣ ਅਤੇ ਸਾਰੇ ਨਰਕੀ ਵੀ ਖਾਲਸੇ ਦੀ ਅਰਦਾਸ ਸਦਕਾ ਬਖ਼ਸ਼ਸ਼ ਲੈ ਕੇ ਨੀਵਿਆਂ ਤੋਂ ਉੱਚੇ ਹੋ ਕੇ ਆਦਰ ਮਾਣ ਨਾਲ ਸਤਿਗੁਰੂ ਦੀ ਸੰਗਤ ਵਿੱਚ ਰਲ ਕੇ ਬੈਠ ਜਾਣ ਫਿਰ ਇਹ ਬੈਕੁੰਠ ਧਾਮ ਸਤਸੰਗਤ ਹੋਵੇਗਾ। ਨਾ ਹੀ ਆਕਾਸ਼ ਵਿੱਚ ਸਵਰਗ ਹੋਵੇਗਾ ਅਤੇ ਨਾ ਹੀ ਪਾਤਾਲ ਵਿੱਚ ਨਰਕ ਹੋਵੇਗਾ।

ਕਿਸੇ ਹੱਦ ਤੱਕ ਬੰਦਾ ਤਨ ਦੀ ਰਹਿਣੀ ਵੱਲ ਤਾਂ ਧਿਆਨ ਦਿੰਦਾ ਹੈ ਪਰ ਮਨ ਦੀ ਰਹਿਣੀ ਵੱਲ ਇਹ ਬਿਲਕੁਲ ਹੀ ਬੇਧਿਆਨਾ ਹੈ। ਗਰਮੀ ਵਿੱਚ ਕਿਵੇਂ ਰਹਿਣਾ ਹੈ, ਸਰਦੀ ਵਿੱਚ ਕਿਵੇਂ ਰਹਿਣਾ ਹੈ, ਬਰਸਾਤ ਵਿੱਚ ਕਿਵੇਂ ਰਹਿਣਾ ਹੈ, ਪਹਾੜਾਂ ਤੇ ਕਿਵੇਂ ਰਹਿਣਾ ਹੈ, ਜੰਗਲਾਂ ਵਿੱਚ ਕਿਵੇਂ ਰਹਿਣਾ ਹੈ, ਦਰਿਆਵਾਂ ਦੇ ਕਿਨਾਰੇ ਕਿਵੇਂ ਰਹਿਣਾ ਹੈ। ਇਹ ਰਹਿਣੀ ਤਾਂ ਮਨੁੱਖ ਨੇ ਸਮਝ ਲਈ ਹੈ। ਪਰ ਸਤਿਗੁਰੂ ਦੇ ਦੇਸ਼ ਗੁਰਮਤਿ ਅਨੁਸਾਰ ਕਿਵੇਂ ਰਹਿਣਾ ਹੈ ਇਹ ਤੇ ਕਿਸੇ ਭਾਗਾਂ ਵਾਲੇ ਦੀ ਸਮਝ ਵਿੱਚ ਹੀ ਆਇਆ ਹੈ।

ਸਤਿਗੁਰੂ ਦੇ ਘਰ ਰਹਿਣ ਵਾਸਤੇ ਕੀ ਮਰਿਆਦਾ ਹੈ ਜਿਸ ਨਾਲ ਮਨੁੱਖ ਧਰਤੀ ਤੇ ਰਹਿੰਦਿਆਂ ਹੀ ਅਨੰਦਤ ਹੋ ਸਕਦਾ ਹੈ। ਸਤਿਗੁਰੂ ਨਾਨਕ ਦਾਵ ਜੀ ਨੇ ਉਹ ਗੁਰਮਤਿ ਰਹਿਣੀ ਦੱਸਦਿਆਂ ਮੂਲ ਗੱਲ ਸਾਡੇ ਸਾਹਮਣੇ ਰੱਖੀ ਹੈ ਕਿ ਜੀਵਨ ਦੀ ਲੋੜ ਨੂੰ ਸਮਝ। ਲੋੜ ਤੋਂ ਵੱਧ ਮਨ ਦੀ ਖ਼ੁਸ਼ੀ ਲਈ ਜੋ ਕਰੇਗਾ ਉਸ ਵਿੱਚ ਖੁਆਰੀ ਹੀ ਪੱਲੇ ਪਵੇਗੀ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ। ਬਾਬਾ ਹੋਰੁ ਪੈਨਣੁ ਖੁਸੀ ਖੁਆਰੁ।
ਬਾਬਾ ਹੋਰੁ ਚੜਣਾ ਖੁਸੀ ਖੁਆਰੁ। ਬਾਬਾ ਹੋਰੁ ਸਉਣਾ ਖੁਸੀ ਖੁਆਰੁ।

ਸਿਰੀ ਰਾਗ ਮਹਲਾ ੧, ਪੰਨਾ ੧੬

ਗੁਰਮਤਿ ਰਹਿਣੀ ਹੈ ਕਿ ਰੱਬ ਨੂੰ ਜੇ ਭੁਲ ਕੇ ਮੋਤੀਆਂ ਦੇ ਮੰਦਰ ਰਤਨਾਂ ਨਾਲ ਜੜੇ ਹੀਰਿਆਂ ਨਾਲ ਧਰਤੀ ਲਾਲਾਂ ਨਾਲ ਜੜੇ ਪਲੰਘ ਮੱਥੇ ਤੇ ਚੰਗੇ ਭਾਗਾਂ ਵਾਲੀ ਸੁੰਦਰ ਇਸਤਰੀ ਐਸਾ ਘਰ ਫਿਰ ਰਿਧੀਆਂ ਸਿਧੀਆਂ ਅਤੇ ਰਾਜ਼ ਸਿੰਘਾਸਨ ਪਾ ਕੇ ਵੀ ਜਿੰਦ ਸੜ ਬਲ ਜਾਂਦੀ ਹੈ ਤੇ ਜੇ ਪ੍ਰਮਾਤਮਾ ਭੁਲ ਜਾਏ। ਜੋ ਰੱਬ ਦੇਵੇ ਮੁਬਾਰਕ ਹੈ ਸੁੰਦਰ ਘਰ ਤੇ ਇਸਤਰੀ ਰੱਬੀ ਬਰਕਤਾਂ ਤੇ ਰਾਜ਼ ਪਰ ਗੁਰਸਿੱਖ ਰਹਿਤ ਰੱਖਣ ਵਾਲਾ ਗੁਰਮੁਖ ਯਾਦ ਰੱਖੇ ਕਿ :

**ਹਰਿ ਬਿਨੁ ਜੀਉ ਜਲਿ ਬਲਿ ਜਾਉ ॥**
**ਮੈ ਆਪਣਾ ਗੁਰ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥**

ਇਹ ਗੱਲ ਯਾਦ ਰੱਖਣਾ ਹੈ ਕਿ

**ਮਤ ਦੇਖ ਭੂਲਾ, ਵੀਸਰੈ, ਤੇਰਾ ਚਿਤਿ ਨ ਆਵੈ ਨਾਉ ।**

**- ਸਿਰੀਰਾਗੁ (ਮਃ ੧) - ਅੰਗ ੧੪**

ਗੁਰੂ ਅੰਗਦ ਦੇਵ ਜੀ ਗੁਰੂ ਘਰ ਰਹਿਣ ਵਾਲੇ ਸਿੱਖ ਲਈ ਕਹਿੰਦੇ ਹਨ, ਧਿਆਨ ਰੱਖ ਕਿਤੇ ਐਸਾ ਨਾ ਹੋਵੇ ਕਿ ਤੇਰਾ ਦਿੱਤਾ ਹੋਇਆ ਜਬਾਬ ਤੇਰੀ ਸਲਾਮ ਵੀ ਵਿਅਰਥ ਕਰ ਦੇਵੇ, ਸਲਾਮ ਹੀ ਕਾਫ਼ੀ ਨਹੀਂ ਜਵਾਬ ਵਰਗੀ ਘਰ ਕੁਰਹਿਤ ਤੋਂ ਬੱਚ ਕੇ ਰਹਿਣਾ ਹੈ ।

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਖੁਥਾ ਜਾਇ ॥**

**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥ ਆਸਾ ਕੀ ਵਾਰ (ਮਃ ੨) ਅੰਗ ੪੭੪**

ਸਤਿਗੁਰੂ ਅਮਰਦਾਸ ਗੁਰਮਤਿ ਰਹਿਣੀ ਦੱਸਦੇ ਹਨ

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣ ਜਿਉ ਸਿਰੁ ਦੇਇ ॥**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥**
**ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥(ਅੰਗ ੬੪੮)**

ਗੁਰੂ ਰਾਮਦਾਸ ਜੀ ਸੇਵਕ ਦੀ ਰਹਿਣੀ ਦੱਸਦੇ ਹਨ -

**ਅਬ ਹਮ ਚਲੀ ਠਾਕੁਰ ਪਹਿ ਹਾਰਿ ॥**

**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥- ਦੇਵਗੰਧਾਰੀ (ਮਃ ੪) - ਅੰਗ ੫੨੭**

**ਹਰਿ ਜਨੁ ਰਾਮ ਨਾਮ ਗੁਣ ਗਾਵੈ ॥**
**ਜੇ ਕੋ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥ ਰਹਾਉ ॥**
**- ਬੈਰਾੜੀ (ਮਃ ੪) - ਅੰਗ ੭੧੯**

ਗੁਰੂ ਅਰਜਨ ਦੇਵ ਜੀ ਸਿੱਖ ਦੀ ਰਹਿਣੀ ਦੱਸਦੇ ਹਨ -

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥**
**ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**
**ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥**
**ਗਉੜੀ ਸੁਖਮਨੀ (ਮਃ ੫) - ਅੰਗ ੨੮੭**

ਗੁਰੂ ਦੇ ਘਰ ਪੈਂਦੇ ਖਾਨ ਵਾਂਗੂੰ ਸਮਾਈ ਨਹੀਂ ਹੋ ਸਕੇਗੀ । ਭਾਈ ਬਿਧੀ ਚੰਦ ਵਾਂਗੂੰ ਰਹਿਣਾ ਚਾਹੀਦਾ ਹੈ । ਰਾਮਰਾਇ ਵਾਂਗੂੰ ਨਹੀਂ ਰਹਿਣਾ । ਗੁਰੂ ਹਰਿਕ੍ਰਿਸ਼ਨ ਸਾਹਿਬ ਵਾਂਗੂੰ ਰਹਿਣਾ ਹੈ । ਗੁਰੂ ਕੋਲ ਸ਼ੀਹੇ ਮਸੰਦ ਵਾਂਗੂੰ ਨਹੀਂ ਮੱਖਣ ਸ਼ਾਹ ਵਾਂਗੂੰ ਆਉਣਾ ਹੈ । ਰਹਿਣੀ ਦੀ ਰਮਜ਼ ਨੂੰ ਸਮਝਣਾ ਹੈ ਤਾਂ ਇਕ ਗੱਲ ਸਮਝਣੀ ਬੜੀ ਜ਼ਰੂਰੀ ਹੈ ਕਿ ਸਿੱਖ ਨੇ ਗੁਰੂ ਦੇ ਘਰ ਵਿੱਚ ਰਹਿਣਾ ਹੈ । ਸਤਿਗੁਰੂ ਦਾ ਘਰ ਗੁਰੂ ਦਾ ਹੁਕਮ ਹੈ । ਹੁਕਮ ਹੀ ਸਤਿਗੁਰੂ ਦਾ ਘਰ ਹੈ । ਸਤਿਗੁਰੂ ਜੇ ਸਿੱਖ ਦੇ ਘਰ ਆ ਜਾਂਦੇ ਸਨ ਤਾਂ ਉਹ ਘਰ ਵੀ ਸਿੱਖ ਦਾ ਨਹੀਂ ਸੀ ਰਹਿ ਜਾਂਦਾ ਉਹ ਘਰ ਵੀ ਗੁਰੂ ਦਾ ਹੋ ਜਾਂਦਾ ਸੀ ਉਸ ਘਰ ਵਿੱਚ ਹੁਕਮ ਗੁਰੂ ਦਾ ਚਲਦਾ ਸੀ ।

ਗ਼ਰੀਬ ਬੰਦੇ ਨੂੰ ਜਦੋਂ ਕੋਈ ਲੋੜ ਪੈਂਦੀ ਹੈ ਤਾਂ ਉਹ ਅਮੀਰ ਬੰਦੇ ਦੇ ਘਰ ਚੱਲ ਕੇ ਜਾਂਦਾ ਹੈ । ਪਰ ਅਮੀਰ ਬੰਦੇ ਨੂੰ ਕੋਈ ਲੋੜ ਪੈਂਦੀ ਹੈ ਤਾਂ ਉਹ ਗ਼ਰੀਬ ਬੰਦੇ ਕੋਲ ਚੱਲ ਕੇ ਨਹੀਂ ਜਾਂਦਾ । ਉਹ ਗ਼ਰੀਬ ਬੰਦੇ ਨੂੰ ਆਪਣੇ ਘਰ ਬੁਲਾ ਕੇ ਗੱਲ ਕਰਦਾ ਹੈ ।

ਪਹਿਲੇ ਸਿੱਖਾਂ ਵਿੱਚ ਤੇ ਸਾਡੇ ਵਿੱਚ ਇੱਕ ਹੀ ਫ਼ਰਕ ਹੈ ਉਹ ਫ਼ਰਕ ਸਮਝਣਾ ਬਹੁਤ ਹੀ ਜ਼ਰੂਰੀ ਹੈ। ਪਹਿਲਾ ਸਿੱਖ ਗੁਰੂ ਦੇ ਘਰ ਵਿੱਚ ਰਹਿੰਦਾ ਸੀ। ਅਸੀਂ ਗੁਰੂ ਨੂੰ ਆਪਣੇ ਘਰ ਰੱਖਦੇ ਹਾਂ। ਫਿਰ ਆਪਣੀ ਮਰਜ਼ੀ ਨਾਲ ਰੱਖਦੇ ਹਾਂ।

ਕਿਸੇ ਦੇ ਘਰ ਰਹਿਣਾ ਜਾਂ ਉਸ ਨੂੰ ਘਰ ਰੱਖਣ ਦਾ ਕੀ ਫ਼ਰਕ ਹੈ। ਭਾਵੇਂ ਸੌ ਵਾਰ ਆਏ ਮਹਿਮਾਨ ਨੂੰ ਆਖੀਏ ਕਿ ਇਸ ਨੂੰ ਆਪਣਾ ਘਰ ਸਮਝੋ ਪਰ ਫਿਰ ਵੀ ਉਹ ਮਹਿਮਾਨ ਸਮਝਦਾ ਹੀ ਹੈ ਕਿ ਇਥੇ ਮੈਨੂੰ ਇਨ੍ਹਾਂ ਘਰ ਵਾਲਿਆਂ ਦੀ ਮਰਜ਼ੀ ਮੁਤਾਬਿਕ ਹੀ ਰਹਿਣਾ ਪੈਣਾ ਹੈ। ਜੇ ਮਰਜ਼ੀ ਸਾਡੀ ਹੀ ਚਲਣੀ ਹੈ ਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਿੱਥੇ ਪ੍ਰਕਾਸ਼ ਕਰਨਾ ਹੈ ? ਕਿਹੜੇ ਰੁਮਾਲੇ ਦੇਣੇ ਹਨ। ਕਦੋਂ ਪ੍ਰਕਾਸ਼ ਕਰਨਾ ਹੈ, ਕਰਨਾ ਵੀ ਹੈ ਕਿ ਨਹੀਂ। ਆਪਣੀ ਮਨ-ਮਰਜ਼ੀ ਦੇ ਹੁਕਮ ਲੈਣੇ ਹਨ। ਉਹ ਕੰਮ ਕਰਨੇ ਹਨ ਜਿਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਜਦੇ ਹਨ। ਤਾਂ ਫਿਰ ਕੋਈ ਆਖੇ ਕਿ ਮੇਰੇ ਘਰ ਵਿੱਚ ਗੁਰੂ ਸਾਹਿਬ ਹਨ। ਮੈਂ ਗੁਰੂ ਦੇ ਘਰ ਰਹਿ ਰਿਹਾ ਹਾਂ ਤਾਂ ਇਹ ਇਕ ਹਾਸੋਹੀਣੀ ਗੱਲ ਇੱਕ ਹੰਕਾਰੀ ਹੁਕਮਰਾਨ ਦੀ ਭਾਸ਼ਾ ਹੈ।

ਗੁਰੂ ਨੂੰ ਰੱਖਣਾ ਨਹੀਂ, ਗੁਰੂ ਦੇ ਨਾਲ ਰਹਿਣਾ ਹੈ। ਗੁਰੂ ਦੇ ਘਰ ਵਿੱਚ ਰਹਿਣਾ ਹੈ।

ਸਤਿਗੁਰੂ ਕਹਿੰਦੇ ਹਨ ਭਾਈ ਨੰਦ ਲਾਲ ਮੇਰੇ ਨਾਲ ਰਹਿਣਾ ਹੈ ਤਾਂ ਪਹਿਲਾਂ ਮੈਨੂੰ ਸਮਝੋ ਕਿ ਮੈਂ ਕੀ ਹਾਂ।

ਪ੍ਰਸ਼ਨ ਭਾਈ ਨੰਦ ਲਾਲ-ਨੰਦ ਲਾਲਉ ਵਾਚ।
ਤੁਮਜੋ ਕਹਾ ਗੁਰਦੇਵ ਜੀ ਦਰਸ਼ਨ ਕਰਿ ਮੁਹਿ ਆਇ।
ਲਖੀਏ ਤੁਮਰਾ ਦਰਸ ਕਹਾਂ, ਕਹਹੁ ਮੋਹਿ ਸਮਝਾਇ।
ਸ੍ਰੀ ਗੁਰੂ ਵਾਚ-ਤੀਨ ਰੂਪ ਹੈ ਮੋਹਿ ਕੇ, ਸੁਨਹੁ ਨੰਦ ਚਿਤ ਲਾਇ।
ਨਿਰਗੁਣ, ਸਰਗੁਣ, ਗੁਰਸਬਦ ਕਹਹੁ ਤੋਹਿ ਸਮਝਾਇ।
ਏਕ ਰੂਪ ਤਿਹੁ ਗੁਣ ਤੇ ਪਰੇ। ਨੇਤਿ ਨੇਤਿ ਜਿਹ ਨਿਗਮ ਉਚਰੇ।
ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੋ ਕਰ ਮਾਨਹੁ
ਜੋ ਮਮ ਸਾਥ ਚਹੈ ਕਹਿ ਬਾਤ। ਗ੍ਰੰਥ ਜੀ ਪੜ੍ਹੈ ਬਿਚਾਰਹਿ ਸਾਥ।
ਤੀਸਰ ਰੂਪ ਸਿੱਖ ਹੈ ਮੋਰ। ਗੁਰਬਾਣੀ ਰਤਿ ਜਿਹ ਨਿਸ ਭੋਰ।
ਵਿਸਾਹ ਪ੍ਰੀਤਿ ਗੁਰਸਬਦ ਜੁ ਧਰੈ। ਗੁਰ ਕਾ ਦਰਸ਼ਨ ਨਿਤ ਉਠ ਕਰੇ।

-ਰਹਿਤਨਾਮਾ ਭਾਈ ਨੰਦ ਲਾਲ

ਸਿੱਖੀ ਰਹਿਤ ਦੀ ਯਾਤਰਾ ਹੈ। ਸਿੱਖ ਤੋਂ ਗੁਰੂ ਸ਼ਬਦ ਤੱਕ ਪੁਜਣਾ ਹੈ, ਸ਼ਬਦ ਤੋਂ ਨਿਰਗੁਣ ਬ੍ਰਹਮ ਵਿੱਚ ਲੀਨ ਹੋਣਾ ਹੈ। ਰਹਿਤਵਾਨ ਸਿੰਘ ਉਹ ਹੈ ਜੋ ਸਿੰਘ ਹੈ, ਗੁਰਸ਼ਬਦ ਹੈ, ਨਿਰਗੁਣ ਬ੍ਰਹਮ ਹੈ।

ਸਤਸੰਗ ਤੋਂ ਟੁੱਟਾ ਖਾਲਸਾ ਬੇਸ਼ੱਕ ਕਕਾਰਧਾਰੀ ਹੈ ਉਹ ਸਿੰਘ ਨਹੀਂ। ਭਾਈ ਨੰਦ ਲਾਲ ਤਾੜਨਾ ਕਰਦੇ ਹਨ ਉਹ ਤਨਖਾਹੀਆ ਹੈ। ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕੀ ਕਰਨਾ ਹੈ, ਕੀ ਨਹੀਂ ਕਰਨਾ।

ਪ੍ਰਸ਼ਨ ਕੀਆ ਨੰਦ ਲਾਲ ਜੀ, ਗੁਰੂ ਬਤਾਈਐ ਮੋਹਿ।
ਕਉਨ ਕਰਮ ਇਨ ਜੋਗ ਹੈ, ਕਉਨ ਕਰਮ ਨਹੀਂ ਸੋਹਿ।

-ਤਨਖਾਹਨਾਮਾ ਭਾਈ ਨੰਦ ਲਾਲ

ਪ੍ਰਾਤਹ ਕਾਲ ਸਤਿਸੰਗ ਨ ਜਾਵਹਿ । ਤਨਖਾਹਦਾਰ ਵਹ ਵਡਾ ਕਹਾਵਹਿ ।

ਸਤਿਸੰਗ ਜਾਇ ਕਰਿ ਚਿਤ ਡੁਲਾਵਹਿ । ਈਹਾਂ ਊਹਾਂ ਠਉਰ ਨਾ ਪਾਵਹਿ ।

ਹਰਿ ਜਸ ਸੁਨਤੇ ਬਾਤ ਚਲਾਵਹਿ । ਕਹਿ ਗੋਬਿੰਦ ਸਿੰਘ ਜਮਪੁਰ ਜਾਵਹਿ ।

ਨਿਰਧਨ ਦੇਖਿ ਨਾ ਪਾਸ ਬਹਾਵਹਿ । ਸੋ ਤਨਖਾਹੀ ਮੂਲ ਕਹਾਵਹਿ ।

ਖਾਲਸਾ ਸੋਈ ਜੋ ਨਿੰਦਾ ਤਿਆਗੈ । ਖਾਲਸਾ ਸੋਇ ਲੜੈ ਹੁਇ ਆਗੈ ।

ਖਾਲਸਾ ਸੋਇ ਪੰਚ ਕਉ ਮਾਰੈ । ਖਾਲਸਾ ਸੋਇ ਭਰਮ ਕਉ ਸਾੜੈ ।

ਖਾਲਸਾ ਸੋਇ ਪਰਦ੍ਰਿਸ਼ਟਿ ਤਿਆਗੈ । ਖਾਲਸਾ ਸੋਇ ਨਾਮਰਤ ਲਾਗੈ ।

ਖਾਲਸਾ ਸੋ ਨਿਰਧਨ ਕੋ ਪਾਲੈ । ਖਾਲਸਾ ਸੋਇ ਦੁਸਟ ਕੋ ਗਾਲੈ ।

ਖਾਲਸਾ ਸੋਇ ਨਾਮ ਸਿਉ ਜੋੜਹਿ । ਖਾਲਸਾ ਸੋਇ ਬੰਧਨ ਕਉ ਤੋੜਹਿ ।

–ਭਾਈ ਨੰਦ ਲਾਲ, ਤਨਖਾਹਨਾਮਾ

ਰਾਜ ਕਰੇਗਾ ਖਾਲਸਾ ਆਕੀ ਰਹੈ ਨਾ ਕੋਇ ।

ਖ੍ਵਾਰ ਹੋਇ ਸਭ ਮਿਲੈਂਗੇ ਬਚਹਿ ਸ਼ਰਣ ਜੋ ਹੋਇ । –ਤਨਖਾਹਨਾਮਾ ਭਾਈ ਨੰਦ ਲਾਲ

ਹੋਇ ਸਿੱਖ ਸਿਰ ਟੋਪੀ ਧਰੈ । ਸਾਤ ਜਨਮ ਕੁਸ਼ਟੀ ਹੁਇ ਮਰੈ ।
ਪਾਗ ਉਤਾਰਿ ਪ੍ਰਸਾਦ ਜੋ ਖਾਵੈ ਸੋ ਸਿੱਖ ਕੁੰਭੀ ਨਰਕ ਸਿਧਾਵੈ ।

–ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਗੁਰੂ ਖਾਲਸਾ ਮਾਨੀਅਹਿ ਪਰਗਟੁ ਗੁਰੂ ਕੀ ਦੇਹ ।

ਜੋ ਸਿੱਖ ਮੋ ਮਿਲਬੇ ਚਹਹਿ ਖੋਜ ਇਨਹੁ ਮਹਿ ਲੇਹ । –ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟ ਚਲਾਉ ਪੰਥ

ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਉ ਗ੍ਰੰਥ । –ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਸ੍ਰੀ ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟਿਉ ਪੰਥ ਮਹਾਨ ।

ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ । –ਰਹਿਤਨਾਮਾ ਭਾਈ ਦਯਾ ਸਿੰਘ

ਪ੍ਰਥਮ ਰਹਤ ਯਗ ਜਾਨ ਖੰਡੇ ਕੀ ਪਾਹੁਲ ਛਕੇ ।

ਸੋਈ ਸਿੰਘ ਪ੍ਰਧਾਨ ਅਵਰ ਨਾ ਪਾਹੁਲ ਜੋ ਲਏ । –ਰਹਿਤਨਾਮਾ ਭਾਈ ਦੇਸਾ ਸਿੰਘ

ਜੇ ਕੋਈ ਸਿੱਖ ਅੰਮ੍ਰਿਤਪਾਨ ਨਹੀਂ ਕਰਦਾ, ਕੇਸ ਰੱਖ ਕੇ ਸਮਝਦਾ ਹੈ ਮੈਂ– ਵੀ ਸਿੱਖ ਹਾਂ ਜੈਸਾ ਕਿ ਅੱਜਕੱਲ੍ਹ ਆਮ ਵੇਖਣ ਵਿੱਚ ਆ ਰਿਹਾ ਹੈ । ਭਾਈ ਸਾਹਿਬ ਸਿੰਘ ਜੀ ਕਹਿੰਦੇ ਹਨ ਇਸ ਭੇਖ ਦੇ ਪਾਪ ਨੂੰ ਤਿਆਗ ਦੇਣਾ ਚਾਹੀਦਾ ਹੈ । ਇਸ ਦਾ ਭਾਵ ਇਹ ਨਹੀਂ ਕਿ ਕੇਸ ਹੀ ਕਟਾ ਦੇਵੇ, ਨਹੀਂ ਸਗੋਂ ਅੰਮ੍ਰਿਤਪਾਨ ਕਰਕੇ ਸੱਚਾ ਸਿੰਘ ਸੱਜ ਕੇ ਸਤਿਗੁਰੂ ਦੀ ਰਹਿਣੀ ਵਿੱਚ ਰਹਿਣਾ ਚਾਹੀਦਾ ਹੈ ।

ਧਰਹਿ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿਖ ।

ਮੇਰੋ ਦਰਸਨ ਨਾਹਿ ਤਿਸ ਪਾਪੀ ਤਿਆਗੈ ਭਿਖਿ । –ਰਹਿਤਨਾਮਾ ਭਾਈ ਸਾਹਿਬ ਸਿੰਘ

ਅੰਮ੍ਰਿਤਧਾਰੀ ਹੋਵੇ, ਸੁਬ੍ਹਾ ਸ਼ਾਮ ਦਾ ਨਿਤਨੇਮੀ ਹੋਵੇ ਨਿਤਨੇਮ ਕਦੀ ਨਾ ਖੁੰਝਾਵੇ ।

ਪੰਜ ਕਕਾਰ ਕਛਹਿਰਾ, ਕ੍ਰਿਪਾਨ, ਕੜਾ, ਕੇਸ, ਕੰਘਾ ਇਹ ਤਨ ਤੋਂ ਕਦੀ ਦੂਰ ਨਾ ਕਰੇ। ਚਾਰ ਬਜਰ ਕੁਰਹਿਤਾਂ ਕੇਸ ਕਟਾਉਣੇ, ਤਮਾਕੂ ਦੀ ਵਰਤੋਂ, ਪਰਤਨਗਾਮੀ ਹੋਣਾ, ਕੁਠਾ ਖਾਣਾ ਇਨ੍ਹਾਂ ਕੁਰਹਿਤਾਂ ਤੋਂ ਬੱਚ ਕੇ ਰਹੇ ਸਿੱਖ ਰਹਿਤ ਮਰਿਆਦਾ ਜੋ ਸ੍ਰੀ ਅਕਾਲ ਤਖ਼ਤ ਵਲੋਂ ਪ੍ਰਵਾਣਤ ਹੈ ਹਰ ਗੁਰਸਿੱਖ ਪ੍ਰਵਾਰ ਕੋਲ ਉਹ ਕਾਪੀ ਚਾਹੀਦੀ ਹੈ। ਉਸ ਨੂੰ ਹਰ ਸਿੱਖ ਧਿਆਨ ਨਾਲ ਪੜ੍ਹੇ ਅਤੇ ਉਸ ਨੂੰ ਸ਼ਰਧਾ ਭਾਵਨਾ ਨਾਲ ਮੰਨੇ ਤੇ ਕਮਾਏ।

ਰਹਿਤ ਤੋਂ ਬਿਨਾਂ ਕੋਈ ਸਿੱਖ ਨਹੀਂ ਸਿੱਖੀ ਕਥਨੀ ਦੀ ਨਹੀਂ ਕਰਨੀ ਦੀ ਹੈ – ਮਨਮੁਖ ਕਥਨੀ ਹੈ ਪਰ ਰਹਿਤ ਨਾ ਹੋਈ। ਐਸੀ ਕਥਨੀ ਦੀ ਗੁਰਮਤਿ ਵਿੱਚ ਕੋਈ ਥਾਂ ਨਹੀਂ।

ਰਹਿਤਵਾਨ ਜਗ ਸਿੰਘ ਜੇ ਕੋਈ ਗੁਰ ਕੇ ਲੋਗ ਬਸੈਂਗੇ ਤੇਈ।

ਰਹਣੀ ਰਹੈ ਸੋਈ ਸਿੱਖ ਮੇਰਾ ਉਹ ਸਾਹਿਬ ਮੈ ਉਸਕਾ ਚੇਰਾ।

ਰਹਤ ਰਹਤ ਰਹ ਜਾਇ ਬਿਕਾਰਾ। ਰਹਤ ਧਰਮ ਸਿੰਘਨ ਕੋ ਸਾਰਾ।

ਰਹਤ ਬਿਨਾ ਨਹ ਸਦਗਤਿ ਹੋਈ। ਰਹਤ ਬਿਨਾ ਭਲ ਕਹੈ ਨਾ ਕੋਈ।

ਰਹਤ ਬਿਨਾਂ ਨਹਿ ਸਿੰਘ ਕਹਾਵੈ। ਰਹਤ ਬਿਨਾਂ ਦਰ ਚੋਟਾਂ ਖਾਵੈ।

–ਰਹਿਤਨਾਮਾ ਭਾਈ ਦੇਸਾ ਸਿੰਘ

ਰਹਿਣੀ ਵਿੱਚ ਖਾਲਸੇ ਦੀ ਜਿੰਮੇਵਾਰੀ ਬਹੁਤ ਹੀ ਵੱਡੀ ਹੋ ਜਾਂਦੀ ਹੈ। ਕੋਈ ਐਸਾ ਨਾ ਸਮਝੇ ਕਿ ਮੈਂ ਬਾਣੀ ਵੀ ਪੜ੍ਹ ਲਈ ਹੈ ਤੇ ਬਾਨਾ ਵੀ ਧਾਰਨ ਕਰ ਲਿਆ ਹੈ ਤੇ ਮੇਰੀ ਜ਼ਿੰਮੇਵਾਰੀ ਖ਼ਤਮ ਹੈ। ਨਹੀਂ ਜ਼ਿੰਮੇਵਾਰੀ ਤਾਂ ਸ਼ੁਰੂ ਹੋਈ ਹੈ ਖ਼ਤਮ ਨਹੀਂ ਹੋਈ।

ਬਾਣੀ ਪੜ੍ਹਨ ਵਾਲਾ ਬਾਣੇ ਵਾਲਾ ਖਾਲਸਾ ਆਪਣੇ ਪਰਿਵਾਰ ਨਾਲ ਕਿਵੇਂ ਵਰਤਦਾ ਹੈ। ਉਸ ਦਾ ਵਰਤਾਰਾ ਜੇ ਪ੍ਰੇਮ ਭਰਪੂਰ, ਸੱਚ ਨਾਲ ਭਰਪੂਰ ਅਤੇ ਉਸਾਰੂ ਹੈ ਤਾਂ ਉਹ ਸਿੱਖ ਹੈ। ਐਸਾ ਵੇਖਣ ਵਿੱਚ ਆਇਆ ਹੈ ਕਿ ਕਈ ਸੱਜਣ ਆਪਣੇ ਧਰਮ ਦੇ ਚਿੰਨ੍ਹ ਤਾਂ ਧਾਰਨ ਕਰ ਲੈਂਦੇ ਹਨ ਪਰ ਪਰਿਵਾਰ ਨਾਲ ਵਤੀਰਾ ਬੜਾ ਹੀ ਕਠੋਰ ਹੈ ਕਹਿ ਦਿਆਂ ਕਿ ਕਸਾਈਆਂ ਵਰਗਾ ਹੈ। ਐਸਾ ਬੰਦਾ ਧਰਮ ਨੂੰ ਨਹੀਂ ਸਮਝਦਾ। ਖਾਲਸੇ ਦੀ ਰਹਿਤ ਹੈ ਕਿ ਪਰਿਵਾਰਕ ਫ਼ਰਜ਼ ਪੂਰੇ ਕਰੇ।

ਪਰਿਵਾਰ ਨੂੰ ਖੁਸ਼ ਕਰਨ ਲਈ ਪਾਪ ਨਹੀਂ ਕਰਨਾ, ਗੁਰਮਤਿ ਰਹਿਣੀ ਦਾ ਪੱਲਾ ਨਹੀਂ ਛੱਡਣਾ ਪਰ ਕਠੋਰ ਵੀ ਨਹੀਂ ਹੋਣਾ ਫਿਰ ਰਹਿਣੀ ਹੈ। ਸਿੱਖ ਪੰਥ ਨਾਲ ਗੁਰਭਾਈਆਂ ਨਾਲ ਪੰਥ ਪ੍ਰਤੀ ਵਫ਼ਾਦਾਰੀ ਪ੍ਰੇਮ ਸੇਵਾ ਭਾਵ ਸਰਬੱਤ ਦਾ ਭਲਾ ਗੁਰਸਿੱਖਾਂ ਦਾ ਸਤਿਕਾਰ ਤੇ ਕੁਰਬਾਨੀ ਜਿਹੜਾ ਸੱਜਣ ਇਥੇ ਆ ਕੇ ਵੀ ਥਿੜਕ ਗਿਆ ਉਹ ਵੀ ਖਾਲਸਾ ਨਹੀਂ ਉਹਦੀ ਰਹਿਤ ਵੀ ਅਧੂਰੀ ਹੈ।

ਇਸ ਤੋਂ ਅੱਗੇ ਹੈ ਰਹਿਣੀ ਦਾ ਆਖਰੀ ਫਲ ਜੋ ਕਿ ਬਾਕੀ ਸੰਸਾਰ ਨਾਲ ਜਿਨ੍ਹਾਂ ਨਾਲ ਪਰਿਵਾਰਕ ਸਾਂਝ ਨਹੀਂ, ਧਾਰਮਿਕ ਸਾਂਝ ਨਹੀਂ, ਸਮਾਜਕ ਸਾਂਝ ਵੀ ਨਹੀਂ ਉਨ੍ਹਾਂ ਨਾਲ ਕਿਵੇਂ ਵਰਤਣਾ ਹੈ। ਖਾਲਸੇ ਨੇ ਸੰਸਾਰ ਨਾਲ ਵੀ ਏਸੇ ਤਰ੍ਹਾਂ ਵਰਤਣਾ ਹੈ ਜਿਵੇਂ ਸੰਸਾਰ ਨਾਲ ਕਰਤਾਰ ਵਰਤਦਾ ਹੈ। ਜਿਵੇਂ ਕਰਤਾਰ ਸਭ ਦਾ ਹੈ ਖਾਲਸਾ ਵੀ ਅਕਾਲ ਪੁਰਖ ਦੀ ਫ਼ੌਜ ਹੈ, ਇਹ ਵੀ ਸਭ ਦਾ ਹੈ। ਇਹ ਫ਼ੌਜ ਸਭ ਸੰਸਾਰ ਦੀ ਰਖਵਾਲੀ ਕਰਦੀ ਹੈ। ਇਹ ਹੈ ਗੁਰਮਤਿ ਰਹਿਣੀ ਰਹਿਤ ਅਤੇ ਖਾਲਸਾ।

**ਧੰਨਵਾਦਿ ਸਾਹਿਤ ਵਿਚੋਂ :– ਗਿ: ਜਸਵੰਤ ਸਿੰਘ ਪ੍ਰਵਾਨਾ**

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 3-06-2017 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 15-06-2017 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 15-06-2017 ਦਿਨ ਮੰਗਲਵਾਰ ਸ਼ਾਮ ਨੂੰ 6.30 ਤੋਂ 8.30 ਵਜੇ ਤੱਕ " **ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ** "॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਤੇ ਕਥਾ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਗੁਰਮਤਿ ਕਲਾਸਾ :-

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਗਰਮੀ ਦੀਆਂ ਛੁੱਟੀਆਂ ਵਿੱਚ ਮਿਤੀ 1 ਜੂਨ ਤੋਂ 24 ਜੂਨ ਤੱਕ** ਗੁਰਮਤਿ ਕਲਾਸਾ ਗੁਰਮਤਿ ਪ੍ਰਸਾਰ ਭਵਨ ਵਿਖੇ ਲਗਾਈਆਂ ਗਈਆਂ ਜਿਸ ਵਿੱਚ 150 ਬੱਚਿਆਂ ਨੇ ਭਾਗ ਲਿਆ ।ਇਹਨਾ ਬੱਚਿਆਂ ਨੂੰ ਗੁਰਮਤਿ, ਗੁਰਬਾਣੀ ਕੀਰਤਨ, ਗੁਰ ਇਤਿਹਾਸ, ਕਵਿਤਾ, ਦਸਤਾਰ ਸਜਾਉਣੀ ਦੁਮਾਲਾ ਸਜਾਉਣਾ, ਅਤੇ ਗੱਤਕਾ ਸਿਖਾਇਆ ਗਿਆ ।






**ਸ਼ੁਕਰਾਨਾ ਸਮਾਗਮ :-**ਮਿਤੀ 25-6-2017 (ਐਤਵਾਰ) ਨੂੰ ਗੁਰਮਤਿ ਕਲਾਸਾ ਦੀ ਸੰਪੂਰਨਤਾ ਤੇ ਸ਼ੁਕਰਾਨਾ ਸਮਾਗਮ ਕੀਤੇ ਗਏ ਜਿਸ ਵਿੱਚ ਗੁਰਮਤਿ ਕਲਾਸਾ ਲਗਾਉਣ ਵਾਲੇ ਬੱਚਿਆ ਨੇ ਸੰਗਤਾ ਨੂੰ ਗੁਰਬਾਣੀ ਕੀਰਤਨ, ਕਵੀਤਵਾ ਨਾਲ ਨਿਹਾਲ ਕੀਤਾ ।ਗੁਰਮਤਿ ਕਲਾਸਾ ਲਗਾਉਣ ਵਾਲੇ ਸਾਰੇ ਬੱਚਿਆ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆਂ ।ਉਪ੍ਰੰਤ ਗੁਰਮਤਿ ਪ੍ਰਸਾਰ ਗੱਤਕਾ ਟੀਮ ਨੇ ਗੱਤਕੇ ਦੇ ਜੌਹਰ ਦਿਖਾਏ । ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ । ਸੰਗਤਾ ਨੇ ਇਸ ਉਪਰਾਲੇ ਦੀ ਬਹੁਤ ਸਲਾਘਾ ਕੀਤੀ ।

## ਸਮਾਗਮ ਤਸਵੀਰਾਂ ਦੀ ਜੁਬਾਨੀ
























**ਚਰਨੀ ਲਗੋ ਸਮਾਗਮ:-** ਗੁਰਮਤਿ ਕਲਾਸਾ ਦੀ ਸੰਪੂਰਨਤਾ ਤੇ ਸ਼ੁਕਰਾਨਾ ਸਮਾਗਮ ਮਿਤੀ 25-6-2017 (ਐਤਵਾਰ) ਨੂੰ ਹੋਏ ਜਿਸ ਵਿੱਚ 20 ਕੁ ਪ੍ਰਾਣੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਗਾਇਆ ਗਿਆ।



**ਅੰਮ੍ਰਿਤ ਸੰਚਾਰ:-** **ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਮਿਤੀ 24 ਜੂਨ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿੱਚ ੧੩ ਪ੍ਰਾਣੀ ਗੁਰੂ ਵਾਲੇ ਬਣੇ ।**



**ਵਿਸ਼ੇਸ਼ ਸਨਮਾਨ :-** ਗੁਰਮਤਿ ਪ੍ਰਸਾਰ ਗੱਤਕਾ ਅਖਾੜਾ ਵਿਖੇ ਤਿੰਨ ਸਾਲ ਤੋਂ ਗੱਤਕਾ ਸਿਖਾਉਣ ਦੀ ਸੇਵਾ ਨਿਭਾ ਰਹੇ ਭਾਈ ਯੋਗਰਾਜ ਸਿੰਘ ਅਤੇ ਭਾਈ ਹਰਵਿੰਦਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ।



# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜੂਨ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 75 | 139 | 214 |
| 2 | Eye | 19 | 25 | 44 |
| 3 | Cardiology | 08 | 33 | 41 |
| 4 | Dental | 36 | 70 | 106 |
| 5 | Gynaecology | 08 | 12 | 20 |
| 6 | Homoeopathy | 47 | 282 | 329 |
| 7 | Physiotherapy | 10 | 32 | 42 |
| | Total | 203 | 593 | 796 |
| | Laboratory | 37 | - | 37 |

## ਧੰਨਵਾਦ :

### ਜੂਨ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Dhanwant Singh #447/Phase -4 1,000/-
2. Col. H.S Uppal #306/Sec. 33A/Chd 40,000/-
3. S. Mohinder Singh Kahlon #304/Phase -4 3,000/-
4. All Indian Sikh Federation(Regd.) D-9(G.F.) Green Park Main New Delhi 11,000/-
5. S. Gajinder Singh # 192/Sidhartha Enclave/New Delhi 15,000/-
6. Bibi Baljit Kaur # 192/Sidhartha Enclave/New Delhi 15,000/-
7. Bibi Harsharan Kaur Sethi #1440/ 34C 500/-
8. S. Dharam Singh #37/Guru Nanak Enclave/Kharar 1,000/-
9. Dr. Saranjit Singh #2817/Phase- 7/Mohali4,000/-
10. S. Harjinder Singh #12A/Sunny Enclave 500/-
11. S. Faujinder Singh #166/Phase -4/Mohali 15,000/-
12. S. D.P Singh #393/Phase- 9/Mohali2,400/-
13. Bibi Gursharan Kaur #1771/Phase -3B2 50,000/-
14. Bibi Surjit Kaur #1444/Sec. 34C/Chd 17,000/-
15. S. Narinder Bir Singh #1444/Sec. 34C/Chd 17,000/-
16. Dr. J.S. Negi #2611/Phase VII/Mohali 100/-
17. Bibi Gurdeep Kaur #461/Sec. 44A/Chd 1,000/-
18. S. Harsharnpal Singh Bhatia #461/Sec. 44A 1,000/-
19. Bibi Harpreet Kaur #461/Sec 44A/Chd 1,000/-
20. Bibi Rajleen Kaur #836/Phase- II/Mohali 500/-
21. Bibi. Harleen Kaur Sarna #107G, Shivalik Vihar Naya Goan, Mohali 500/-
22. Bhai Ranjit Singh/Zirakhpur 200/-
23. Bibi Narinder Kaur #EA-136/ Maya Enclave/New Delhi 10,000/-
24. S. Tejinder Singh/Mundi Kharar 500/-
25. Bibi Satwant Kaur/Mundi Kharar 100/-
26. S. Amarjit Singh/Mundi Kharar 100/-
27. S. Harjinder Singh/Mundi Kharar 100/-
28. S. Dilbagh Singh/ Satkar Properties/M.Kharar 500/-
29. S. Gurpal Singh/Mundi Kharar 200/-
30. S. Jagjit Singh/Mundi Kharar 100/-
31. S. Mohinder Singh/Mundi Kharar 100/-
32. S. Kuldip Singh #171/Phase-6/Mohali 20,000/-
33. S. M.S. Sudan #1286/Sec. 33B/Chd 1,100/-
34. S. Bhupinder Singh #1232/Sec. 34C/Chd 10,000/-
35. S. Kuldip Singh #71/ Sec. 5/Chd 10,000/-
36. Bibi Daljit Kaur Oberoi #278/Sec. 33A/Chd 2,000/-
37. Bibi Narinder Kaur #4726/Sector-70/Mohali 5,000/-
38. S. Gurbachan Singh#4726/Sector-70/Mohali5,000/-
39. S. Tarunpal Singh/Dashmesh Nagar/Ludhiana5,000/-
40. S. Tanveer Singh/Khanna 5,000/-
41. Bibi Arshpreet Kaur #78/Khanna 5,000/-
42. Bibi Anupreet Kaur /Malerkotla Rd./Khanna 5,000/-
43. Bibi Chanpreet Kaur Grewal Street No. 2/Khanna 5,000/-
44. S. Jaspreet Singh/Khanna 5,000/-
45. S. Kamaljeet Singh#2587/Sector-70/Mohali 1,700/-
46. S. Kulwant Singh#2587/Sector-70/Mohali 1,700/-
47. S. Manraj Singh#2587/Sector-70/Mohali 1,700/-
48. Bibi Manjit Kaur Sabharwal #1385/Sec. 34C 2,000/-
49. S. Tarunpal Singh #2506/Phase -7/Mohali 10,000/-
50. M/S SARC/Sh. A. Shaju Majra/Sector-58 20,000/-
51. Bibi Harsharan Kaur Sethi #1440/34C 21,000/-
52. S. Gurpreet Singh/Kharar 1050/-
53. S. Inderjit Singh Property/Sec. 34/Chd 1100/-
54. Samardeep Singh/Darshanveer Singh/M.K. 500/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।